# ਅਧਿਆਇ 32

# ਯਰਦਨ ਦੇ ਪੂਰਬੀ ਪਾਸੇ ਵੱਲ ਦੇ ਗੋਤ

ਇਸ ਗੱਲ ਦਾ ਵਰਣਨ ਕਰਦਿਆਂ ਕਿ ਯਰਦਨ ਦੇ ਪੂਰਬ ਵੱਲ $2^1/_2$ ਗੋਤ ਕਿਵੇਂ ਉਸ ਇਲਾਕੇ ਵਿਚ ਵੱਸੇ ਜੋ ਪਹਿਲਾਂ ਸੀਹੋਨ ਅਤੇ ਓਗ ਦੇ ਕੋਲੋਂ ਲਿਆ ਗਿਆ ਸੀ (32:33; ਵੇਖੋ 21:21-35), ਗਿਣਤੀ ਦੀ ਪੁਸਤਕ ਦਾ 32 ਅਧਿਆਇ ਵਾਅਦੇ ਦੀ ਧਰਤੀ ਵਿਚ ਦਾਖਲ ਹੋਣ ਦੇ ਲਈ ਇਸਰਾਏਲੀਆਂ ਦੀ ਤਿਆਰੀ ਤੇ ਜ਼ੋਰ ਦੇਣਾ ਜਾਰੀ ਰੱਖਦਾ ਹੈ। ਯਰਦਨ ਦੇ ਪੂਰਬ ਵੱਲ ਜੋ ਇਲਾਕਾ ਸੀ ਉਸ ਨੂੰ "ਟ੍ਰਾਂਸਜੌਰਡਨ" ਕਿਹਾ ਗਿਆ ਹੈ, ਜਿਸ ਦਾ ਅਰਥ ਹੈ "ਯਰਦਨ ਦੇ ਪਾਰ।" ਰਊਬੇਨ ਅਤੇ ਗਾਦ ਦੇ ਗੋਤਾਂ ਨੇ ਇਸ ਇਲਾਕੇ ਵਿਚ ਜਿਸ ਨੂੰ ਪਹਿਲਾਂ ਤੋਂ ਹੀ ਜਿੱਤ ਲਿਆ ਗਿਆ ਸੀ ਵੱਸਣ ਦੇ ਲਈ ਮੂਸਾ ਦੀ ਇਜਾਜ਼ਤ ਮੰਗਣ ਦੇ ਦੁਆਰਾ ਧਰਤੀ ਤੇ ਕਬਜ਼ਾ ਕਰਨ ਦੇ ਲਈ ਇਕ ਕਦਮ ਅੱਗੇ ਨੂੰ ਵਧਾਇਆ ਸੀ। ਇਹ ਧਰਤੀ ਪਸ਼ੂਆਂ ਅਤੇ ਭੇਡਾਂ ਦੇ ਪਾਲਣ ਪੋਸ਼ਣ ਦੇ ਲਈ ਚੰਗੀ ਸੀ ਅਤੇ ਉਨ੍ਹਾਂ ਕੋਲ ਬਹੁਤ ਵੱਡੇ ਵੱਡੇ ਵੱਗ ਅਤੇ ਇੱਜੜ ਸਨ।

ਪਹਿਲਾਂ ਤਾਂ ਮੂਸਾ ਨੂੰ ਇਨ੍ਹਾਂ ਗੋਤਾਂ ਤੇ ਬਹੁਤ ਗੁੱਸਾ ਆਇਆ ਕਿਉਂਕਿ ਉਸ ਨੇ ਉਨ੍ਹਾਂ ਦੀ ਬੇਨਤੀ ਨੂੰ ਵਾਅਦੇ ਦੀ ਧਰਤੀ ਵਿਚ ਦਾਖਲ ਹੋਣ ਦੇ ਲਈ ਇਕ ਇਨਕਾਰ ਵਜੋਂ ਸਮਝਿਆ ਸੀ। ਉਸ ਨੇ ਸੋਚਿਆ ਕਿ ਉਹ ਵੀ ਉਹੀ ਕੰਮ ਕਰ ਰਹੇ ਸਨ ਜੋ ਚਾਲੀ ਵਰਹੇ ਪਹਿਲਾਂ ਖੋਜ ਕੱਢਣ ਵਾਲਿਆਂ ਨੇ ਝੂਠੀ ਰਪੋਟ ਲਿਆ ਕੇ ਅਤੇ ਦੂਜੇ ਗੋਤਾਂ ਨੂੰ ਵਾਅਦੇ ਦੀ ਧਰਤੀ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ ਤੋਂ ਰੋਕਣ ਦੇ ਲਈ ਨਿਰਾਸ਼ ਕਰਕੇ ਕੀਤਾ ਸੀ। ਮੂਸਾ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਜੇਕਰ ਦੋਹਾਂ ਗੋਤਾਂ ਨੇ ਉਹੀ ਕੀਤਾ ਜੋ ਕਰਨ ਦੀ ਉਨ੍ਹਾਂ ਨੇ ਯੋਜਨਾ ਬਣਾਈ ਸੀ, ਤਾਂ ਇਸਰਾਏਲੀ ਪੂਰੀ ਤਰ੍ਹਾਂ ਨਾਸ ਹੋ ਜਾਣਗੇ (32:15)।

ਪਰ, ਇਨ੍ਹਾਂ ਗੋਤਾਂ ਨੇ ਮੂਸਾ ਨੂੰ ਇਸ ਗੱਲ ਦਾ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਬੁਰੇ ਇਰਾਦੇ ਨਹੀਂ ਸਨ। ਉਨ੍ਹਾਂ ਦਾ ਪ੍ਰਸਤਾਵ ਇਹ ਸੀ ਕਿ ਉਹ ਆਪਣੇ ਟੱਬਰਾਂ ਨੂੰ ਵਸਾ ਦੇਣਗੇ, ਪਰ ਉਨ੍ਹਾਂ ਦੇ ਜੋਧੇ ਬਾਕੀ ਇਸਰਾਏਲੀਆਂ ਦੇ ਨਾਲ ਯਰਦਨ ਨੂੰ ਪਾਰ ਕਰਨਗੇ ਅਤੇ ਧਰਤੀ ਤੇ ਕਬਜ਼ਾ ਕਰਨ ਵਿਚ ਉਨ੍ਹਾਂ ਦੀ ਮਦਦ ਕਰਨਗੇ। ਧਰਤੀ ਨੂੰ ਆਪਣੇ ਵੱਸ ਵਿਚ ਕਰਨ ਤੋਂ ਬਾਅਦ, ਉਹ ਆਪਣੇ ਟੱਬਰਾਂ ਵਿਚ ਮੁੜ ਜਾਣਗੇ। ਇਸ ਗੱਲ ਤੇ ਸਮਝੌਤਾ ਹੋ ਗਿਆ ਅਤੇ ਦੋਹਾਂ ਗੋਤਾਂ ਨੂੰ ਯਰਦਨ ਦੇ ਪੂਰਬ ਵੱਲ ਧਰਤੀ ਦੇ ਦਿੱਤੀ ਗਈ।

ਅਧਿਆਇ ਦਾ ਆਖ਼ਰੀ ਹਿੱਸਾ ਦੱਸਦਾ ਹੈ ਕਿ ਮਨੱਸ਼ਹ ਦੇ ਅੱਧੇ ਗੋਤ ਨੇ ਰਊਬੇਨ ਅਤੇ ਗਾਦ ਦੇ ਗੋਤਾਂ ਵਿਚ ਸ਼ਾਮਲ ਹੋਣਾ ਚੁਣਿਆ। ਇਹ ਅਧਿਆਇ ਉਨ੍ਹਾਂ ਥਾਵਾਂ ਬਾਰੇ ਕੁਝ ਵੇਰਵਿਆਂ ਨੂੰ ਦੱਸਣ ਦੁਆਰਾ ਖਤਮ ਹੁੰਦਾ ਹੈ ਜਿੱਥੇ ਇਹ ਗੋਤ ਵੱਸੇ ਸਨ (32:33-42)।

# ਸ਼ੁਰੂਆਤੀ ਪ੍ਰਸਤਾਵ (32:1-5)

**[1]ਰਊਬੇਨੀਆਂ ਅਤੇ ਗਾਦੀਆਂ ਕੋਲ ਬਹੁਤ ਵੱਡੇ ਵੱਡੇ ਵੱਗ ਸਨ ਅਤੇ ਜਾਂ ਉਨ੍ਹਾਂ ਨੇ ਯਾਜ਼ੇਰ ਦੇ ਦੇਸ ਨੂੰ ਅਤੇ ਗਿਲਆਦ ਦੇ ਦੇਸ ਨੂੰ ਡਿੱਠਾ ਤਾਂ ਵੇਖੋ, ਉਹ ਥਾਂ ਵੱਗਾਂ ਵਾਲਾ ਥਾਂ ਸੀ। [2]ਉਪਰੰਤ ਗਾਦੀਆਂ ਅਤੇ ਰਊਬੇਨੀਆਂ ਨੇ ਮੂਸਾ ਅਤੇ ਅਲਆਜ਼ਾਰ ਜਾਜਕ ਅਤੇ ਮੰਡਲੀ ਦੇ ਪਰਧਾਨਾਂ ਕੋਲ ਜਾ ਕੇ ਆਖਿਆ, [3]ਅਟਾਰੋਥ, ਦੀਬੋਨ, ਯਾਜ਼ੇਰ, ਨਿਮਰਾਹ, ਹਸ਼ਬੋਨ, ਅਲਾਲੇਹ, ਸਬਾਮ, ਨਬੋ ਅਤੇ ਬਓਨ, [4]ਅਰਥਾਤ ਜਿਸ ਧਰਤੀ ਨੂੰ ਯਹੋਵਾਹ ਨੇ ਇਸਰਾਏਲ ਦੀ ਮੰਡਲੀ ਅੱਗੇ ਮਾਰਿਆ ਹੈ ਏਹ ਧਰਤੀ ਵੱਗਾਂ ਵਾਲੀ ਧਰਤੀ ਹੈ ਅਤੇ ਤੁਹਾਡੇ ਦਾਸਾਂ ਕੋਲ ਵੱਗ ਹਨ। [5]ਨਾਲੇ ਉਨ੍ਹਾਂ ਨੇ ਆਖਿਆ, ਜੇ ਤੁਹਾਡੀ ਕਿਰਪਾ ਦੀ ਨਿਗਾਹ ਸਾਡੇ ਉੱਤੇ ਹੋਵੇ ਤਾਂ ਇਹ ਧਰਤੀ ਤੁਹਾਡੇ ਦਾਸਾਂ ਨੂੰ ਮਿਲਖ ਲਈ ਦਿੱਤੀ ਜਾਵੇ। ਸਾਨੂੰ ਯਰਦਨੋਂ ਪਾਰ ਨਾ ਲੰਘਾਇਓ।**

**ਆਇਤਾਂ 1-4. ਰਊਬੇਨੀਆਂ** ਅਤੇ **ਗਾਦੀਆਂ** ਦੀ ਖਿੱਚ ਉਸ **ਧਰਤੀ** ਵੱਲ ਸੀ **ਜਿਸ ਨੂੰ ਯਹੋਵਾਹ** ਨੇ ਯਰਦਨ ਦੇ ਪੂਰਬ ਵੱਲ **ਮਾਰਿਆ ਸੀ** - ਉਹ ਧਰਤੀ ਜਿਸ ਤੇ ਇਸਰਾਏਲੀਆਂ ਦਾ ਸੀਹੋਨ ਅਤੇ ਓਗ (ਅਧਿਆਇ 21) ਅਤੇ ਹਾਲ ਹੀ ਵਿਚ ਮਿਦਯਾਨੀਆਂ (ਅਧਿਆਇ 31) ਉੱਤੇ ਜਿੱਤਾਂ ਦੇ ਨਤੀਜੇ ਵਜੋਂ ਪਹਿਲਾਂ ਤੋਂ ਹੀ ਕਬਜ਼ਾ ਸੀ। ਇਨ੍ਹਾਂ ਗੋਤਾਂ ਕੋਲ **ਬਹੁਤ ਵੱਡੇ ਵੱਡੇ ਵੱਗ ਸਨ** ਅਤੇ ਉਨ੍ਹਾਂ ਨੇ ਵੇਖਿਆ ਕਿ ਇਹ ਧਰਤੀ ਉਨ੍ਹਾਂ ਦੇ ਵੱਗਾਂ ਅਤੇ ਇੱਜੜਾਂ ਦਾ ਪਾਲਣ-ਪੋਸ਼ਣ ਕਰਨ ਦੇ ਲਈ ਉੱਤਮ ਸੀ। ਯਰਦਨ ਦੇ ਪੂਰਬ ਵੱਲ **ਦੇਸ** ਦੇ ਹਿੱਸਿਆਂ ਨੂੰ **ਯਾਜ਼ੇਰ** ਅਤੇ **ਗਿਲਆਦ** ਵੀ ਕਿਹਾ ਗਿਆ ਹੈ। "ਯਾਜ਼ੇਰ" ਯਾਜ਼ੇਰ ਦੇ ਸ਼ਹਿਰ ਦੇ ਆਲੇ-ਦੁਆਲੇ ਦੀ ਧਰਤੀ ਦਾ ਹਵਾਲਾ ਦਿੰਦਾ ਹੈ (21:32)। "ਗਿਲਆਦ" ਵੱਖ-ਵੱਖ ਇਲਾਕਿਆਂ ਦਾ ਹਵਾਲਾ ਦੇ ਸਕਦਾ ਹੈ, ਜਿਨ੍ਹਾਂ ਵਿਚ ਟ੍ਰਾਂਸਜੋਰਡਨ ਜਾਂ ਯਰਦਨ ਦੇ ਪਾਰ ਦਾ ਸਮੁੱਚਾ ਇਲਾਕਾ ਸ਼ਾਮਲ ਸੀ। ਇੱਥੇ ਇਹ "ਯੱਬੋਕ [ਨਦੀ] ਦੇ ਦੱਖਣ ਵਿਚ ਪਹਾੜੀ ਜਿਲ੍ਹੇ" ਦਾ ਹਵਾਲਾ ਦਿੰਦਾ ਹੈ।[1] ਇਸ ਦਾ ਸਮਰਥਨ ਇਸ ਤੱਥ ਦੁਆਰਾ ਕੀਤਾ ਗਿਆ ਹੈ ਕਿ ਜ਼ਿਕਰ ਕੀਤੇ ਗਏ ਵਿਸ਼ੇਸ਼ ਸ਼ਹਿਰ - **ਅਟਾਰੋਥ, ਦੀਬੋਨ, ਯਾਜ਼ੇਰ, ਨਿਮਰਾਹ, ਹਸ਼ਬੋਨ, ਅਲਾਲੇਹ, ਸਬਾਮ, ਨਬੋ ਅਤੇ ਬਓਨ** - ਅਰਨੋਨ ਦੇ ਉੱਤਰ ਅਤੇ ਯੱਬੋਕ ਦੇ ਦੱਖਣ ਵਿਚ ਸਥਿਤ ਸਨ।[2]

**ਗਾਦੀਆਂ ਅਤੇ ਰਊਬੇਨੀਆਂ** ਨੇ ਬਾਕੀ ਗੋਤਾਂ ਨਾਲ ਯਰਦਨ ਨੂੰ ਪਾਰ ਕਰਨ ਦੀ ਬਜਾਇ **ਮੂਸਾ ਅਤੇ ਅਲਆਜ਼ਾਰ** ਅਤੇ ਇਸਰਾਏਲ ਦੇ ਹੋਰ **ਪਰਧਾਨਾਂ** ਕੋਲ ਜਾ ਕੇ ਉੱਥੇ ਵੱਸਣ ਦੀ ਇਜਾਜ਼ਤ ਮੰਗੀ। ਉਨ੍ਹਾਂ ਨੇ ਮੂਸਾ ਕੋਲੋਂ ਆਪਣੀ ਯੋਜਨਾ ਦੀ ਮਨਜ਼ੂਰੀ ਮੰਗੀ ਕਿਉਂਕਿ ਵਾਅਦੇ ਦੀ ਧਰਤੀ, ਜਿਵੇਂ ਕਿ ਪਹਿਲਾਂ ਕਲਪਨਾ ਕੀਤੀ ਗਈ ਸੀ, ਯਰਦਨ ਦੇ ਪੱਛਮ ਵੱਲ ਸੀ (ਵੇਖੋ ਅਧਿਆਇ 34)। ਕੀ ਸਾਨੂੰ ਇਨ੍ਹਾਂ ਗੋਤਾਂ ਉੱਤੇ ਘਟੀਆ ਮਨੋਰਥਾਂ ਦਾ ਦੋਸ਼ ਲਗਾਉਣਾ ਚਾਹੀਦਾ ਹੈ ਅਤੇ ਇਹ ਸੁਝਾਅ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਬੇਨਤੀ ਗਲਤ ਸੀ? ਸ਼ਾਇਦ ਨਹੀਂ, ਕਿਉਂਕਿ ਲਿਖਤ ਵਿਚ ਉਨ੍ਹਾਂ ਉੱਤੇ ਇਲਜ਼ਾਮ ਲਗਾਏ ਬਿਨ੍ਹਾਂ ਕਿਸੇ ਹੋਰ ਮਨੋਰਥ ਦਾ ਦੋਸ਼ ਲਗਾਉਣ ਦਾ ਕੋਈ ਉਚਿਤ ਪ੍ਰਮਾਣ ਨਹੀਂ ਮਿਲਦਾ: ਉਨ੍ਹਾਂ ਨੇ ਸਮਝਾਇਆ ਕਿ ਜਿਹੜਾ ਇਲਾਕਾ ਉਹ ਚਾਹੁੰਦੇ ਸਨ **ਵੱਗਾਂ ਵਾਲੀ ਧਰਤੀ** ਸੀ ਅਤੇ ਆਖਿਆ, **ਤੁਹਾਡੇ ਦਾਸਾਂ ਕੋਲ ਵੱਗ ਹਨ।**

**ਆਇਤ 5.** ਆਪਣੀ ਵਡਿਆਈ ਦੇ ਲਈ, ਉਨ੍ਹਾਂ ਨੇ ਇਸਰਾਏਲ ਦੇ ਪਰਧਾਨਾਂ ਤੱਕ ਬੜੇ ਆਦਰ ਨਾਲ ਪਹੁੰਚ ਕੀਤੀ। ਜੇ ਉਹ ਦਿਲੋਂ ਆਕੀ ਹੁੰਦੇ, ਆਪਣੇ ਪਰਧਾਨਾਂ ਦੇ ਅੱਗੇ ਨਰਮਾਈ ਨਾਲ ਬੇਨਤੀ ਕਰਨ ਦੀ ਬਜਾਇ, ਉਹ ਬਗਾਵਤ ਕਰ ਦਿੰਦੇ, ਇਸਰਾਏਲ ਨਾਲ ਆਪਣੇ ਸੰਬੰਧ

ਤਿਆਗ ਦਿੰਦੇ ਅਤੇ ਲੋੜ ਪੈਣ ਤੇ ਜ਼ਬਰਦਸਤੀ ਉਹ ਧਰਤੀ ਲੈ ਲੈਂਦੇ ਜੋ ਉਹ ਚਾਹੁੰਦੇ ਸਨ। ਬਜਾਇ ਇਸ ਦੇ, **ਉਨ੍ਹਾਂ ਨੇ ਆਖਿਆ, ਜੇ ਤੁਹਾਡੀ ਕਿਰਪਾ ਦੀ ਨਿਗਾਹ ਸਾਡੇ ਉੱਤੇ ਹੋਵੇ ਤਾਂ ਇਹ ਧਰਤੀ ਤੁਹਾਡੇ ਦਾਸਾਂ ਨੂੰ ਮਿਲਖ ਲਈ ਦਿੱਤੀ ਜਾਵੇ। ਸਾਨੂੰ ਯਰਦਨੋਂ ਪਾਰ ਨਾ ਲੰਘਾਇਓ।**

## ਮੂਸਾ ਦਾ ਜਵਾਬ (32:6-15)

**6ਤਾਂ ਮੂਸਾ ਨੇ ਗਾਦੀਆਂ ਅਤੇ ਰਊਬੇਨੀਆਂ ਨੂੰ ਆਖਿਆ, ਭਲਾ, ਤੁਹਾਡੇ ਭਰਾ ਤਾਂ
ਲੜਾਈ ਵਿੱਚ ਜਾਣ ਅਤੇ ਤੁਸੀਂ ਏਥੇ ਬੈਠੇ ਰਹੋ? 7ਤੁਸੀਂ ਕਿਉਂ ਇਸਰਾਏਲੀਆਂ ਦਾ ਦਿਲ
ਤੋੜਦੇ ਹੋ ਕਿ ਓਹ ਉਸ ਧਰਤੀ ਵਿੱਚ ਨਾ ਲੰਘਣ ਜਿਹੜੀ ਯਹੋਵਾਹ ਨੇ ਉਨ੍ਹਾਂ ਨੂੰ ਦਿੱਤੀ ਹੈ?
8ਐਉਂ ਤੁਹਾਡੇ ਵੱਡਿਆਂ ਨੇ ਕੀਤਾ ਜਦ ਮੈਂ ਉਨ੍ਹਾਂ ਨੂੰ ਕਾਦੇਸ਼-ਬਰਨੇਆ ਤੋਂ ਧਰਤੀ ਵੇਖਣ ਨੂੰ
ਘੱਲਿਆ। 9ਜਦ ਓਹ ਅਸ਼ਕੋਲ ਦੀ ਵਾਦੀ ਨੂੰ ਉਤਾਹਾਂ ਗਏ ਅਤੇ ਉਸ ਧਰਤੀ ਨੂੰ ਵੇਖਿਆ
ਤਾਂ ਉਨ੍ਹਾਂ ਨੇ ਇਸਰਾਏਲੀਆਂ ਦਾ ਦਿਲ ਤੋੜਿਆ ਸੀ ਸੋ ਓਹ ਉਸ ਧਰਤੀ ਵਿੱਚ ਨਾ ਗਏ
ਜਿਹੜੀ ਯਹੋਵਾਹ ਨੇ ਉਨ੍ਹਾਂ ਨੂੰ ਦਿੱਤੀ ਸੀ। 10ਤਾਂ ਉਸ ਦਿਨ ਯਹੋਵਾਹ ਦਾ ਕ੍ਰੋਧ ਭੜਕ
ਉੱਠਿਆ ਅਤੇ ਉਸ ਨੇ ਸੌਂਹ ਖਾ ਕੇ ਆਖਿਆ 11ਕਿ ਏਹ ਮਨੁੱਖ ਜਿਹੜੇ ਮਿਸਰੋਂ ਆਏ ਹਨ
ਵੀਹ ਵਰਿਹਾਂ ਦੇ ਅਤੇ ਉਸ ਤੋਂ ਉੱਪਰ ਦੇ ਉਸ ਧਰਤੀ ਨੂੰ ਉੱਕਾ ਹੀ ਨਾ ਵੇਖਣਗੇ ਜਿਹ ਦੀ
ਮੈਂ ਅਬਰਾਹਾਮ, ਇਸਹਾਕ ਅਰ ਯਾਕੂਬ ਨਾਲ ਸੌਂਹ ਖਾਧੀ ਸੀ ਕਿਉਂ ਜੋ ਓਹ ਮੇਰੇ ਪਿੱਛੇ
ਪਿੱਛੇ ਨਾ ਚੱਲੇ 12ਯਫੁੰਨਹ ਕਨਿੱਜ਼ੀ ਦੇ ਪੁੱਤ੍ਰ ਕਾਲੇਬ ਅਤੇ ਨੂਨ ਦੇ ਪੁੱਤ੍ਰ ਯਹੋਸ਼ੁਆ ਤੋਂ ਛੁੱਟ,
ਕਿਉਂ ਜੋ ਓਹ ਯਹੋਵਾਹ ਦੇ ਪਿੱਛੇ ਪਿੱਛੇ ਚੱਲੇ ਸਨ। 13ਤਾਂ ਯਹੋਵਾਹ ਦਾ ਕ੍ਰੋਧ ਇਸਰਾਏਲ
ਉੱਤੇ ਭੜਕ ਉੱਠਿਆ ਅਤੇ ਉਸ ਉਨ੍ਹਾਂ ਨੂੰ ਚਾਲੀ ਵਰਿਹਾਂ ਤੀਕ ਉਜਾੜ ਵਿੱਚ ਭੁਆਇਆ
ਜਦ ਤੀਕ ਸਾਰੀ ਪੀੜ੍ਹੀ ਜਿਹ ਨੇ ਏਹ ਬੁਰਿਆਈ ਯਹੋਵਾਹ ਦੀਆਂ ਅੱਖਾਂ ਵਿੱਚ ਕੀਤੀ ਸੀ
ਗਲ ਸੜ ਨਾ ਗਈ। 14ਹੁਣ ਵੇਖੋ, ਤੁਸੀਂ ਆਪਣੇ ਵੱਡਿਆਂ ਦੇ ਥਾਂ ਉੱਠੇ ਹੋ। ਹਾਂ, ਤੁਸੀਂ ਪਾਪੀ
ਮਨੁੱਖਾਂ ਦੇ ਜਣੇ ਹੋਏ ਹੋ। ਤੁਸੀਂ ਯਹੋਵਾਹ ਦੇ ਡਾਢੇ ਕ੍ਰੋਧ ਨੂੰ ਇਸਰਾਏਲ ਉੱਤੇ ਬਹੁਤ ਵਧਾਓਗੇ।
15ਜੇ ਤੁਸੀਂ ਉਸ ਦੇ ਪਿੱਛੇ ਚੱਲਣ ਤੋਂ ਹਟ ਜਾਓ ਤਾਂ ਓਹ ਫੇਰ ਦੋਬਾਰਾ ਇਨ੍ਹਾਂ ਨੂੰ ਉਜਾੜ ਵਿੱਚ
ਛੱਡ ਦੇਵੇਗਾ ਸੋ ਤੁਸੀਂ ਏਸ ਸਾਰੀ ਪਰਜਾ ਦਾ ਨਾਸ ਕਰ ਦਿਓਗੇ।**

**ਆਇਤਾਂ 6, 7.** ਗੋਤਾਂ ਤੇ ਦੋ ਗਲਤੀਆਂ ਦਾ ਦੋਸ਼ ਲਗਾਉਂਦੇ ਹੋਏ, **ਮੂਸਾ ਨੇ ਤਿੱਖੀ** ਪ੍ਰਤੀਕਿਰਿਆ ਕੀਤੀ। ਪਹਿਲੀ, ਉਸ ਨੇ ਸੰਕੇਤ ਦਿੱਤਾ ਕਿ **ਗਾਦੀਆਂ ਅਤੇ ਰਊਬੇਨੀਆਂ ਨੇ** ਦੂਜੇ ਗੋਤਾਂ ਦਾ **ਧਰਤੀ ਵਿੱਚ ਨਾ ਲੰਘਣ** ਲਈ **ਦਿਲ ਤੋੜ ਕੇ** ਭਰਪੱਣ ਦੇ ਪ੍ਰੇਮ ਦੀ ਘਾਟ ਨੂੰ ਪ੍ਰਦਰਸ਼ਿਤ ਕੀਤਾ। ਉਸ ਨੇ ਆਖਿਆ, **ਭਲਾ, ਤੁਹਾਡੇ ਭਰਾ ਤਾਂ ਲੜਾਈ ਵਿੱਚ ਜਾਣ ਅਤੇ ਤੁਸੀਂ ਏਥੇ ਬੈਠੇ ਰਹੋ?** ਸਪੱਸ਼ਟ ਤੌਰ ਤੇ, ਉਸ ਨੇ ਇਨ੍ਹਾਂ ਗੋਤਾਂ ਦੀ ਬੇਨਤੀ ਨੂੰ ਯੁੱਧ ਤੋਂ ਬਾਹਰ ਕੱਢਣ ਦੀ ਕੋਸ਼ਿਸ਼ ਵਜੋਂ ਵਿਆਖਿਆ ਕੀਤੀ ਸੀ।

**ਆਇਤਾਂ 8, 9.** ਦੂਜੀ, ਉਸ ਨੇ ਆਖਿਆ ਕਿ ਉਹ ਉਸ ਗਲਤੀ ਨੂੰ ਦੁਹਰਾ ਰਹੇ ਸਨ ਜੋ ਉਨ੍ਹਾਂ ਦੇ **ਵੱਡਿਆਂ** ਨੇ ਚਾਲੀ ਸਾਲ ਪਹਿਲਾਂ ਕੀਤੀ ਸੀ। ਮੂਸਾ ਨੇ ਪਿਛਲੀ ਪੀੜ੍ਹੀ ਦੀ ਨਿੰਦਾ ਦੀ ਉਦਾਸ ਕਹਾਣੀ ਦੀ ਸਮੀਖਿਆ ਕੀਤੀ ਕਿਉਂਕਿ ਇਹ ਅਧਿਆਇ 13 ਅਤੇ 14 ਵਿਚ ਪਾਈ ਜਾਂਦੀ ਹੈ। ਖੋਜ ਕੱਢਣ ਵਾਲਿਆਂ ਨੂੰ **ਧਰਤੀ ਵੇਖਣ ਦੇ ਲਈ ਕਾਦੇਸ਼-ਬਰਨੇਆ**[3] **ਤੋਂ** ਘੱਲਿਆ ਗਿਆ ਸੀ। **ਅਸ਼ਕੋਲ ਦੀ ਵਾਦੀ** ਤੋਂ ਵਾਪਸ ਪਰਤਣ ਤੇ (12:23, 24), ਉਨ੍ਹਾਂ ਨੇ **ਇਸਰਾਏਲੀਆਂ ਦਾ ਦਿਲ ਤੋੜਿਆ** ਸੀ। ਉਨ੍ਹਾਂ ਦੇ ਨਕਾਰਾਤਮਕ ਰਪੋਟ ਦੇ ਕਾਰਣ, ਇਸਰਾਏਲੀਆਂ ਨੇ ਵਾਅਦੇ

ਦੀ ਧਰਤੀ ਵਿਚ ਜਾਣ ਤੋਂ ਇਨਕਾਰ ਕਰ ਦਿੱਤਾ ਸੀ।

**ਆਇਤਾਂ 10-12.** ਪਰਮੇਸ਼ੁਰ ਨੇ, ਆਪਣੇ **ਕ੍ਰੋਧ** ਵਿਚ, ਪਰਜਾ ਉੱਤੇ ਫ਼ੈਸਲਾ ਸੁਣਾਉਂਦੇ ਹੋਏ ਇਹ ਐਲਾਨ ਕੀਤਾ ਸੀ ਕਿ **ਮਿਸਰ ਛੱਡਣ** ਵਾਲਾ **ਕੋਈ ਵੀ** ਬਾਲਗ ਉਸ **ਧਰਤੀ** ਵਿਚ ਦਾਖਲ ਨਹੀਂ ਹੋਵੇਗਾ ਜਿਸ ਦਾ ਵਾਅਦਾ ਉਸ ਨੇ ਉਨ੍ਹਾਂ ਦੇ ਪੁਰਖਾਂ ਨਾਲ ਕੀਤਾ ਸੀ - **ਯਹੋਸ਼ੁਆ** ਅਤੇ **ਕਾਲੇਬ** ਤੋਂ ਛੁੱਟ ਕੋਈ ਨਹੀਂ, ਕਿਉਂਕਿ ਉਹ ਇਕੱਲੇ **ਯਹੋਵਾਹ ਦੇ ਪਿੱਛੇ ਪਿੱਛੇ ਚੱਲੇ** ਸਨ (14:22-24, 28-30)।

**ਆਇਤ 13.** ਮੂਸਾ ਨੇ ਆਖਿਆ ਕਿ **ਯਹੋਵਾਹ ਦਾ ਕ੍ਰੋਧ ਇਸਰਾਏਲ ਉੱਤੇ ਭੜਕ ਉੱਠਿਆ** ਅਤੇ ਉਨ੍ਹਾਂ ਨੂੰ **ਉਜਾੜ ਵਿੱਚ ਭੁਆਇਆ**। ਅਗਲੇ **ਚਾਲੀ ਵਰਿਹਾਂ** ਦੌਰਾਨ, ਉਹ ਸਾਰੀ ਪੀੜ੍ਹੀ **ਗਲ ਸੜ ਗਈ** ਕਿਉਂਕਿ ਉਨ੍ਹਾਂ ਨੇ **ਯਹੋਵਾਹ ਦੀਆਂ ਅੱਖਾਂ ਵਿੱਚ ਬੁਰਿਆਈ ਕੀਤੀ ਸੀ** (14:32-35)।

**ਆਇਤ 14.** ਮੂਸਾ ਨੇ ਇਹ ਸਿੱਟਾ ਕੱਢਿਆ ਕਿ ਰਊਬੇਨੀ ਅਤੇ ਗਾਦੀ ਉਹੀ ਗਲਤੀ ਕਰ ਰਹੇ ਸਨ। ਉਸ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਵੱਡਿਆਂ ਵਰਗਾ, **ਪਾਪੀ ਮਨੁੱਖਾਂ ਦੇ ਜਣੇ ਹੋਏ** ਸਮਝਿਆ ਅਤੇ ਡਰਿਆ ਕਿ ਉਹ ਪਰਮੇਸ਼ੁਰ ਨੂੰ ਹੋਰ ਕ੍ਰੋਧਿਤ ਕਰਨਗੇ।

**ਆਇਤ 15.** ਜੇ ਉਹ ਆਪਣੀ ਯੋਜਨਾ ਤੇ ਕਾਇਮ ਰਹਿੰਦੇ, ਮੂਸਾ ਨੇ ਆਖਿਆ ਕਿ ਉਹ ਬਾਕੀ ਲੋਕਾਂ ਨੂੰ ਨਿਰਾਸ਼ ਕਰਨਗੇ ਅਤੇ ਇਸ ਤਰ੍ਹਾਂ ਸਾਰੀ ਮੰਡਲੀ ਧਰਤੀ ਵਿਚ ਦਾਖਲ ਹੋਣ ਤੋਂ ਇਨਕਾਰ ਕਰ ਦੇਵੇਗੀ। ਉਸ ਨੇ ਚਿਤਾਵਨੀ ਦਿੱਤੀ ਕਿ **ਓਹ ਫੇਰ ਦੋਬਾਰਾ ਇਨ੍ਹਾਂ ਨੂੰ ਉਜਾੜ ਵਿੱਚ ਛੱਡ ਦੇਵੇਗਾ ਸੋ ਤੁਸੀਂ ਪਰਜਾ ਦਾ ਨਾਸ ਕਰ ਦਿਓਗੇ।**

ਉਹ ਜੋ ਜਾਣਦੇ ਹਨ ਕਿ ਅੱਗੇ ਕੀ ਹੋਇਆ ਸੀ ਮੂਸਾ ਦੀ ਆਲੋਚਨਾ ਕਰਨ ਦੇ ਲਈ ਸਿੱਟੇ ਤੇ ਪੁੱਜ ਸਕਦੇ ਹਨ। ਫਿਰ ਵੀ, ਜਿਵੇਂ ਸਾਨੂੰ ਰਊਬੇਨ ਅਤੇ ਗਾਦ ਦੇ ਦੋ ਗੋਤਾਂ ਦੀ ਬੇਨਤੀ ਨਾਲ ਘਟੀਆ ਉਦੇਸ਼ਾਂ ਨੂੰ ਜੋੜਨ ਦੁਆਰਾ ਉਨ੍ਹਾਂ ਦਾ ਨਿਆਂ ਨਹੀਂ ਕਰਨਾ ਚਾਹੀਦਾ ਹੈ, ਉਸੇ ਤਰ੍ਹਾਂ ਸਾਨੂੰ ਇਹ ਮੰਨਣਾ ਚਾਹੀਦਾ ਹੈ ਕਿ ਮੂਸਾ ਦੇ ਮਨ ਵਿਚ ਕੁਝ ਨਹੀਂ ਸੀ ਪਰ ਉਹ ਉਹੀ ਕਰ ਰਿਹਾ ਸੀ ਜੋ ਪਰਮੇਸ਼ੁਰ ਦੀ ਪਰਜਾ ਦੇ ਲਈ ਉੱਤਮ ਸੀ। ਜੇਕਰ, ਅਸਲ ਵਿਚ, ਗੋਤਾਂ ਦੇ ਪ੍ਰਸਤਾਵ ਵਿਚ ਉਨ੍ਹਾਂ ਦੇ ਭਰਾਵਾਂ ਲਈ ਲੜਨ ਦੀ ਉਨ੍ਹਾਂ ਦੀ ਇੱਛਾ ਸ਼ਾਮਲ ਨਹੀਂ ਸੀ, ਤਾਂ ਉਨ੍ਹਾਂ ਦੇ ਵੱਸਣ ਦੇ ਨਤੀਜੇ ਬਿਲਕੁਲ ਉਸੇ ਤਰ੍ਹਾਂ ਦੇ ਹੋ ਸਕਦੇ ਸਨ ਜਿਵੇਂ ਮੂਸਾ ਨੇ ਵਰਣਨ ਕੀਤਾ ਸੀ।

## ਗੋਤਾਂ ਦਾ ਸਵੀਕਾਰਯੋਗ ਸਮਝੌਤਾ (32:16-32)

### ਬੇਨਤੀ ਨੂੰ ਅੱਗੇ ਦੱਸਿਆ ਗਿਆ (32:16-19)

**[16]ਤਾਂ ਉਨ੍ਹਾਂ ਨੇ ਨੇੜੇ ਆ ਕੇ ਉਹ ਨੂੰ ਆਖਿਆ, ਅਸੀਂ ਐੱਥੇ ਆਪਣੇ ਪਸੂਆਂ ਲਈ ਵਾੜੇ ਅਤੇ ਆਪਣੇ ਨਿੱਕੇ ਨਿਆਣਿਆਂ ਲਈ ਸ਼ਹਿਰ ਬਣਾਵਾਂਗੇ; [17]ਪਰ ਅਸੀਂ ਸ਼ਸਤ੍ਰ ਕੱਸ ਕੇ ਇਸਰਾਏਲੀਆਂ ਦੇ ਅੱਗੇ ਹੋਵਾਂਗੇ ਜਦ ਤੀਕ ਅਸੀਂ ਉਨ੍ਹਾਂ ਨੂੰ ਉਨ੍ਹਾਂ ਦੇ ਟਿਕਾਣਿਆਂ ਉੱਤੇ ਨਾ ਪੁਚਾ ਲਈਏ ਅਤੇ ਸਾਡੇ ਨਿੱਕੇ ਨਿਆਣੇ ਗੜ੍ਹ ਵਾਲੇ ਸ਼ਹਿਰਾਂ ਵਿੱਚ ਏਸ ਧਰਤੀ ਦੇ ਵਸਣੀਕਾਂ ਦੇ ਕਾਰਨ ਵੱਸਣਗੇ। [18]ਅਤੇ ਅਸੀਂ ਆਪਣਿਆਂ ਘਰਾਂ ਨੂੰ ਨਹੀਂ ਮੁੜਾਂਗੇ ਜਿੰਨਾ ਚਿਰ ਇਸਰਾਏਲੀਆਂ ਦਾ ਇੱਕ ਇੱਕ ਮਨੁੱਖ ਆਪਣੀ ਮਿਲਖ ਦਾ ਮਾਲਕ ਨਾ ਹੋ ਜਾਵੇ। [19]ਕਿਉਂ ਜੋ ਅਸੀਂ ਉਨ੍ਹਾਂ ਨਾਲ ਯਰਦਨ ਪਾਰ ਅਤੇ ਉਸ ਤੋਂ ਪਰੇ ਮਿਲਖ ਨਹੀਂ ਲਵਾਂਗੇ ਕਿਉਂ ਜੋ ਸਾਡੀ ਮਿਲਖ ਸਾਨੂੰ ਯਰਦਨ ਦੇ ਉਰੇ ਪੂਰਬ ਵੱਲ ਮਿਲੀ ਹੈ।**

**ਆਇਤ 16.** ਰਊਬੇਨੀਆਂ ਅਤੇ ਗਾਦੀਆਂ ਨੇ ਮੂਸਾ ਦੀਆਂ ਗੱਲਾਂ ਦਾ ਜਵਾਬ ਉਸ ਦੇ **ਨੇੜੇ ਆ ਕੇ** ਅਤੇ ਆਪਣੇ ਪ੍ਰਸਤਾਵ ਦੀ ਵਿਆਖਿਆ ਕਰ ਕੇ ਦਿੱਤਾ। **ਨੇੜੇ ਆ ਕੇ** (נָגַשׁ, *ਨਾਗਸ਼)* ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਉਨ੍ਹਾਂ ਹਾਲਾਤਾਂ ਵਿਚ ਵਰਤਿਆ ਜਾਂਦਾ ਹੈ ਜਿੱਥੇ ਇਕ ਮੁਦਈ ਆਪਣਾ ਮੁਕੱਦਮਾ ਜੱਜ ਜਾਂ ਨਿਆਂ ਕਰਨ ਵਾਲੇ ਦੇ ਅੱਗੇ ਲੈ ਕੇ ਜਾਂਦਾ ਹੈ (ਉਤਪਤ 18:23; 44:18; ਕੂਚ 24:14)। ਸੰਦਰਭ ਸੁਝਾਅ ਦਿੰਦਾ ਹੈ ਕਿ ਉਨ੍ਹਾਂ ਨੇ ਮੂਸਾ ਨਾਲ ਗੁਪਤ ਰੂਪ ਵਿਚ ਗੱਲ ਕੀਤੀ। ਮੂਸਾ ਨਾਲ ਉਨ੍ਹਾਂ ਦੇ ਗੱਲ ਕਰਨ ਦੇ ਮਗਰੋਂ, ਜਿਸ ਵਿਚ ਦੋਵੇਂ ਧਿਰ ਇਕ ਸਮਝੌਤੇ ਤੇ ਪਹੁੰਚ ਗਏ (32:16-27), ਉਹ ਸਾਰੇ ਆਪਣੀ ਮੰਡਲੀ ਵਿਚ ਵਾਪਸ ਪਰਤ ਗਏ ਅਤੇ ਇਸਰਾਏਲ ਦੇ ਹੋਰ ਪਰਧਾਨਾਂ ਨਾਲ ਸਮਝੌਤੇ ਤੇ ਵੇਰਵੇ ਸਾਂਝੇ ਕੀਤੇ (32:28-32)। ਇਹ ਮਾਹੌਲ ਵਿਰਤਾਂਤ ਵਿਚ ਦੁਹਰਾਈਆਂ ਜਾਣ ਵਾਲੀਆਂ ਗੱਲਾਂ ਨੂੰ ਬਿਆਨ ਕਰਦਾ ਹੈ।

ਰਊਬੇਨੀਆਂ ਅਤੇ ਗਾਦੀਆਂ ਨੇ ਆਖਿਆ, **ਅਸੀਂ ਆਪਣੇ ਪਸ਼ੂਆਂ ਲਈ ਵਾੜੇ ਅਤੇ ਆਪਣੇ ਨਿੱਕੇ ਨਿਆਣਿਆਂ ਲਈ ਸ਼ਹਿਰ ਬਣਾਵਾਂਗੇ।** "ਵਾੜੇ" ਪੱਥਰ ਦੀਆਂ ਕੰਧਾਂ ਨਾਲ ਬਣੇ ਹੋਏ ਸਨ ਅਤੇ "ਪਸ਼ੂਆਂ" ਨੂੰ ਜੰਗਲੀ ਜਾਨਵਰਾਂ ਅਤੇ ਚੋਰਾਂ ਤੋਂ ਬਚਾਉਣ ਲਈ ਵਰਤੇ ਜਾਂਦੇ ਸਨ। ਗੜ੍ਹ ਵਾਲੇ "ਸ਼ਹਿਰ" ਵੀ ਉਨ੍ਹਾਂ ਦੇ "ਨਿੱਕੇ ਨਿਆਣਿਆਂ" (טַף, *ਟਪ)* ਦੀ ਸੁਰੱਖਿਆ ਕਰਦੇ ਸਨ। ਹਾਲਾਂਕਿ ਇਹ ਸ਼ਬਦ ਆਮ ਤੌਰ ਤੇ "ਬੱਚਿਆਂ" (NJPSV) ਦਾ ਹਵਾਲਾ ਦਿੰਦਾ ਹੈ, ਇਸ ਸੰਦਰਭ ਵਿਚ ਇਹ ਉਨ੍ਹਾਂ ਦੇ ਪਰਿਵਾਰਾਂ ਦੇ ਸਾਰੇ ਮੈਂਬਰਾਂ ਨੂੰ ਦਰਸਾਉਂਦਾ ਹੈ। NLT ਬਾਈਬਲ ਵਿਚ "ਪਤਨੀਆਂ ਅਤੇ ਬੱਚੇ" ਹਨ, ਜਦ ਕਿ REB ਬਾਈਬਲ ਵਿਚ "ਮੁਹਤਾਜ" ਹਨ। ਜਿਵੇਂ ਜਿਵੇਂ ਕਹਾਣੀ ਅੱਗੇ ਵਧਦੀ ਜਾਂਦੀ ਹੈ, "ਪਤਨੀਆਂ" ਨੂੰ "ਛੋਟੇ ਬੱਚਿਆਂ" ਤੋਂ ਇਲਾਵਾ ਸੂਚੀਬੱਧ ਕੀਤਾ ਜਾਂਦਾ ਹੈ (32:26)।

**ਆਇਤ 17.** ਪਰ, ਰਊਬੇਨ ਅਤੇ ਗਾਦ ਦੇ ਮਨੁੱਖ ਤਦ ਤੱਕ **ਸ਼ਸਤ੍ਰ ਕੱਸ ਕੇ ਇਸਰਾਏਲੀਆਂ ਦੇ ਅੱਗੇ ਹੋਣਗੇ** ਜਦੋਂ ਤੱਕ ਉਹ ਉਸ ਧਰਤੀ ਉੱਤੇ ਕਬਜ਼ਾ ਨਹੀਂ ਕਰ ਲੈਂਦੇ ਜਿਸ ਦਾ ਵਾਅਦਾ ਪਰਮੇਸ਼ੁਰ ਨੇ ਉਨ੍ਹਾਂ ਨੂੰ ਦਿੱਤਾ ਸੀ। ਉਨ੍ਹਾਂ ਦੀਆਂ ਪਤਨੀਆਂ ਅਤੇ ਬੱਚਿਆਂ ਨੂੰ ਯਰਦਨ ਦੇ ਪੂਰਬ ਵਿਚ, **ਗੜ੍ਹ ਵਾਲੇ ਸ਼ਹਿਰਾਂ** ਵਿਚ ਛੱਡ ਦਿੱਤਾ ਜਾਵੇਗਾ ਜੋ ਉਨ੍ਹਾਂ ਨੂੰ **ਧਰਤੀ ਦੇ ਵਸਣੀਕਾਂ** ਤੋਂ ਬਚਾਉਣਗੇ।

ਦਿਲਚਸਪ ਗੱਲ ਇਹ ਹੈ ਕਿ ਰਊਬੇਨੀਆਂ ਅਤੇ ਗਾਦੀਆਂ ਨੇ ਨਾ ਸਿਰਫ ਇਹ ਪ੍ਰਸਤਾਵ ਰੱਖਿਆ ਸੀ ਕਿ ਉਹ ਇਸਰਾਏਲੀਆਂ ਦੇ ਨਾਲ ਜਾਣਗੇ, ਪਰ ਇਹ ਵੀ ਕਿ ਉਹ ਕਨਾਨੀਆਂ ਨਾਲ ਲੜਨ ਦੇ ਲਈ ਲੜਨ ਵਾਲੀਆਂ ਫੌਜਾਂ ਦੀ ਪਹਿਲੀ ਟੋਲੀ ਦੇ ਰੂਪ ਵਿਚ ਉਨ੍ਹਾਂ ਦੇ "ਅੱਗੇ ਅੱਗੇ" ਜਾਣਗੇ। ਜੇਕਬ ਮਿਲੋਗਰਾਮ ਨੇ ਟਿੱਪਣੀ ਕੀਤੀ, "ਉਨ੍ਹਾਂ ਦੇ ਪਰਿਵਾਰਾਂ ਅਤੇ ਚੀਜ਼ਾਂ ਤੋਂ ਬਗੈਰ, ਉਹ ਹੋਰ ਗੋਤਾਂ ਨਾਲੋਂ ਵਧੇਰੇ ਗਤੀਸ਼ੀਲਤਾ ਰੱਖਦੇ ਸਨ ਅਤੇ ਇਸ ਲਈ ਕਮਾਂਡੋ ਦੀ ਜ਼ਿੰਮੇਵਾਰੀ ਨਿਭਾ ਸਕਦੇ ਸਨ।"[4] ਅਜਿਹੀ ਪੇਸ਼ਕਸ਼ ਕਰ ਕੇ, ਇਨ੍ਹਾਂ ਮਨੁੱਖਾਂ ਨੇ ਆਪਣੀ ਈਮਾਨਦਾਰੀ ਅਤੇ ਦਲੇਰੀ ਦਾ ਪ੍ਰਗਟਾਵਾ ਕੀਤਾ, ਕਿਉਂਕਿ ਜਿਹੜੇ ਫੌਜੀ ਲੜਾਈ ਵਿਚ ਅਗਵਾਈ ਕਰਦੇ ਹਨ ਉਨ੍ਹਾਂ ਦੇ ਜ਼ਖਮੀ ਹੋਣ ਜਾਂ ਮਾਰੇ ਜਾਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਉਹ ਡਰਪੋਕ ਨਹੀਂ ਸਨ, ਯੁੱਧ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਸਨ; ਉਹ ਆਪਣੇ ਪਰਿਵਾਰਾਂ ਨੂੰ ਉਸ ਧਰਤੀ ਤੇ ਵਸਾਉਣਾ ਚਾਹੁੰਦੇ ਸਨ ਜਿਸ ਤੇ ਉਨ੍ਹਾਂ ਨੇ ਪਹਿਲਾਂ ਹੀ ਕਬਜ਼ਾ ਕਰ ਲਿਆ ਸੀ।

**ਆਇਤਾਂ 18, 19.** ਬੇਨਤੀ ਕਰ ਰਹੇ ਦੋ ਗੋਤਾਂ ਨੇ ਵਾਅਦਾ ਕੀਤਾ ਸੀ ਕਿ ਉਹ ਤਦ ਤੱਕ ਆਪਣੇ **ਘਰਾਂ ਨੂੰ ਨਹੀਂ ਮੁੜਨਗੇ** ਜਦੋਂ ਤੱਕ ਬਾਕੀ ਦੇ ਗੋਤਾਂ ਨੂੰ **ਯਰਦਨ** ਦੇ ਪੱਛਮ ਵੱਲ ਉਨ੍ਹਾਂ

ਦੀ **ਮਿਲਖ** ਨਹੀਂ ਮਿਲ ਜਾਂਦੀ। ਇਸ ਤੋਂ ਇਲਾਵਾ, ਉਨ੍ਹਾਂ ਨੇ ਮੂਸਾ ਨੂੰ ਆਖਿਆ ਕਿ ਉਹ ਕਨਾਨ ਦੀ ਜਿੱਤ ਵਿੱਚੋਂ **ਮਿਲਖ** ਲੈਣ ਦੀ ਉਮੀਦ ਨਹੀਂ ਕਰਨਗੇ, ਇਹ ਕਹਿੰਦੇ ਹੋਏ ਕਿ **ਸਾਡੀ ਮਿਲਖ ਸਾਨੂੰ ਯਰਦਨ ਦੇ ਉਰੇ ਪੂਰਬ ਵੱਲ ਮਿਲੀ ਹੈ।**

**ਇਕ ਸਮਝੌਤਾ ਪੂਰਾ ਹੋਇਆ (32:20-32)**

**[20]ਤਾਂ ਮੂਸਾ ਨੇ ਉਨ੍ਹਾਂ ਨੂੰ ਆਖਿਆ, ਜੇ ਤੁਸੀਂ ਏਹ ਕੰਮ ਕਰੋ, ਜੇ ਤੁਸੀਂ ਸ਼ਸਤ੍ਰ ਕੱਸ ਕੇ
ਯਹੋਵਾਹ ਦੇ ਅੱਗੇ ਲੜਾਈ ਲਈ ਜਾਓ। [21]ਅਤੇ ਤੁਹਾਡੇ ਵਿੱਚੋਂ ਹਰ ਇੱਕ ਸ਼ਸਤ੍ਰ ਧਾਰੀ ਹੋ ਕੇ
ਯਹੋਵਾਹ ਅੱਗੇ ਯਰਦਨ ਤੋਂ ਪਾਰ ਲੰਘ ਜਾਵੇ ਜਦ ਤੀਕ ਉਹ ਆਪਣੇ ਵੈਰੀਆਂ ਨੂੰ ਆਪਣੇ
ਅੱਗੋਂ ਨਾ ਕੱਢ ਦੇਵੇ [22]ਅਤੇ ਧਰਤੀ ਯਹੋਵਾਹ ਅੱਗੇ ਸਰ ਨਾ ਹੋ ਜਾਵੇ ਤਾਂ ਏਸ ਦੇ ਮਗਰੋਂ ਤੁਸੀਂ
ਮੁੜੋ ਤਾਂ ਹੀ ਤੁਸੀਂ ਯਹੋਵਾਹ ਵੱਲੋਂ ਅਤੇ ਇਸਰਾਏਲੀਆਂ ਵੱਲੋਂ ਬੇਦੋਸ਼ੇ ਠਹਿਰੋਗੇ ਅਤੇ ਏਹ
ਧਰਤੀ ਯਹੋਵਾਹ ਅੱਗੇ ਤੁਹਾਡੀ ਮਿਲਖ ਹੋਵੇਗੀ। [23]ਪਰ ਜੇ ਤੁਸੀਂ ਏਹ ਨਾ ਕਰੋ ਤਾਂ ਵੇਖੋ,
ਤੁਸਾਂ ਯਹੋਵਾਹ ਦਾ ਪਾਪ ਕੀਤਾ ਅਤੇ ਜਾਣੋ ਭਈ ਤੁਹਾਡਾ ਪਾਪ ਤੁਹਾਡੇ ਉੱਤੇ ਆ ਪਵੇਗਾ।
[24]ਆਪਣੇ ਨਿੱਕੇ ਨਿਆਣਿਆਂ ਲਈ ਸ਼ਹਿਰ ਅਤੇ ਆਪਣੇ ਇੱਜੜਾਂ ਲਈ ਵਾੜੇ ਬਣਾਓ, ਜਿਵੇਂ
ਤੁਹਾਡੇ ਮੂੰਹੋਂ ਨਿੱਕਲਿਆ ਹੈ ਤਿਵੇਂ ਕਰੋ। [25]ਗਾਦੀਆਂ ਅਤੇ ਰਊਬੇਨੀਆਂ ਨੇ ਮੂਸਾ ਨੂੰ
ਆਖਿਆ, ਤੁਹਾਡੇ ਦਾਸ ਤਿਵੇਂ ਹੀ ਕਰਨਗੇ, ਜਿਵੇਂ ਸਾਡੇ ਸੁਆਮੀ ਨੇ ਹੁਕਮ ਦਿੱਤਾ ਹੈ।
[26]ਸਾਡੇ ਨਿੱਕੇ ਨਿਆਣੇ, ਸਾਡੀਆਂ ਤੀਵੀਆਂ, ਸਾਡੇ ਵੱਗ ਅਤੇ ਸਾਡਾ ਸਾਰਾ ਮਾਲ ਡੰਗਰ ਉੱਥੇ
ਗਿਲਆਦ ਦੇ ਸ਼ਹਿਰਾਂ ਵਿੱਚ ਰਹਿਣਗੇ; [27]ਪਰ ਤੁਹਾਡੇ ਦਾਸ ਜੁੱਧ ਲਈ ਸ਼ਸਤ੍ਰ ਧਾਰੀ ਹੋਕੇ
ਯਹੋਵਾਹ ਅੱਗੇ ਲੰਘਣਗੇ ਜਿਵੇਂ ਸਾਡੇ ਸੁਆਮੀ ਨੇ ਗੱਲ ਕੀਤੀ ਹੈ। [28]ਤਾਂ ਮੂਸਾ ਨੇ ਉਨ੍ਹਾਂ ਦੇ
ਵਿਖੇ ਅਲਆਜ਼ਾਰ ਜਾਜਕ ਨੂੰ ਅਤੇ ਨੂਨ ਦੇ ਪੁੱਤ੍ਰ ਯਹੋਸ਼ੁਆ ਨੂੰ ਅਤੇ ਇਸਰਾਏਲ ਦਿਆਂ
ਗੋਤਾਂ ਦੇ ਪਿਤ੍ਰਾਂ ਦੇ ਘਰਾਣਿਆਂ ਦੇ ਮੁਖੀਆਂ ਨੂੰ ਹੁਕਮ ਦਿੱਤਾ। [29]ਅਤੇ ਮੂਸਾ ਨੇ ਉਨ੍ਹਾਂ ਨੂੰ
ਆਖਿਆ, ਜੇ ਗਾਦੀ ਅਤੇ ਰਊਬੇਨੀ ਤੁਹਾਡੇ ਨਾਲ ਯਰਦਨ ਤੋਂ ਲੰਘਣ ਓਹ ਸਾਰੇ ਜਿਹੜੇ
ਯਹੋਵਾਹ ਅੱਗੇ ਲੜਾਈ ਲਈ ਸ਼ਸਤ੍ਰ ਧਾਰੀ ਹੋਣ ਅਤੇ ਧਰਤੀ ਤੁਹਾਡੇ ਅੱਗੇ ਸਰ ਹੋ ਜਾਵੇ
ਤਾਂ ਤੁਸੀਂ ਉਨ੍ਹਾਂ ਨੂੰ ਗਿਲਆਦ ਦੀ ਧਰਤੀ ਉਨ੍ਹਾਂ ਦੀ ਮਿਲਖ ਕਰ ਦੇਇਓ; [30]ਪਰ ਜੇ ਓਹ
ਤੁਹਾਡੇ ਨਾਲ ਸ਼ਸਤ੍ਰ ਧਾਰੀ ਹੋਕੇ ਪਾਰ ਨਾ ਲੰਘਣ ਤਾਂ ਓਹ ਤੁਹਾਡੇ ਵਿੱਚ ਕਨਾਨ ਦੇਸ ਵਿੱਚ
ਮਿਲਖ ਲੈਣ। [31]ਤਾਂ ਗਾਦੀਆਂ ਅਤੇ ਰਊਬੇਨੀਆਂ ਨੇ ਉੱਤਰ ਦਿੱਤਾ, ਜਿਵੇਂ ਯਹੋਵਾਹ ਤੁਹਾਡੇ
ਦਾਸਾਂ ਨੂੰ ਬੋਲਿਆ ਹੈ ਤਿਵੇਂ ਅਸੀਂ ਕਰਾਂਗੇ। [32]ਅਸੀਂ ਸ਼ਸਤ੍ਰ ਧਾਰੀ ਹੋਕੇ ਯਹੋਵਾਹ ਅੱਗੇ ਕਨਾਨ
ਦੇਸ ਵਿੱਚ ਵੜਾਂਗੇ ਪਰ ਸਾਡੀ ਮਿਲਖ ਦਾ ਕਬਜ਼ਾ ਯਰਦਨ ਦੇ ਏਸ ਪਾਰ ਰਹੇਗਾ।**

**ਆਇਤਾਂ 20-22. ਮੂਸਾ ਨੇ** ਦੋ ਗੋਤਾਂ ਦੇ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ। ਉਸ ਨੇ ਸਹਿਮਤੀ ਦਿੱਤੀ ਕਿ ਜੇਕਰ ਸ਼ਸਤ੍ਰ ਧਾਰੀ ਮਨੁੱਖ **ਯਹੋਵਾਹ ਅੱਗੇ ਯਰਦਨ ਤੋਂ ਪਾਰ ਲੰਘ ਜਾਣਗੇ** ਅਤੇ ਤਦ ਤੱਕ ਉਨ੍ਹਾਂ ਭਰਾਵਾਂ ਦੇ ਨਾਲ ਮਿਲ ਕੇ ਲੜਨਗੇ ਜਦੋਂ ਤੱਕ ਪਰਮੇਸ਼ੁਰ **ਆਪਣੇ ਵੈਰੀਆਂ ਨੂੰ** ਧਰਤੀ ਵਿੱਚੋਂ ਬਾਹਰ ਨਹੀਂ ਕੱਢ ਦਿੰਦਾ, ਤਾਂ ਉਹ ਧਰਤੀ ਜਿਸ ਦੀ ਉਨ੍ਹਾਂ ਨੇ ਬੇਨਤੀ ਕੀਤੀ ਸੀ ਉਨ੍ਹਾਂ ਦੀ ਹੋ ਜਾਵੇਗੀ। ਇਕ ਵਾਰ ਜਦੋਂ **ਧਰਤੀ ਸਰ ਹੋ ਜਾਵੇਗੀ**, ਦੋਹਾਂ ਗੋਤਾਂ ਦੇ ਯੋਧੇ **ਬੇਦੋਸ਼ੇ ਠਹਿਰਣਗੇ** ਅਤੇ ਯਰਦਨ ਦੇ ਪੂਰਬ ਵੱਲ ਆਪਣੇ ਨਵੇਂ ਘਰਾਂ ਵਿਚ ਮੁੜ ਸਕਦੇ ਸਨ। ਮੂਸਾ ਨੇ ਆਖਿਆ ਕਿ ਫਿਰ ਉਹ ਧਰਤੀ ਉਨ੍ਹਾਂ ਦੀ **ਮਿਲਖ** ਹੋ ਜਾਵੇਗੀ।

**ਆਇਤ 23.** ਜੇ ਉਹ ਆਪਣੇ ਵਾਅਦੇ ਨੂੰ ਪੂਰਾ ਕਰਨ ਵਿਚ ਅਸਫ਼ਲ ਰਹੇ, ਮੂਸਾ ਨੇ ਆਖਿਆ ਕਿ ਉਹ ਪਾਪ ਕਰਨਗੇ। ਫਿਰ ਉਸ ਨੇ ਆਖਿਆ, **ਤੁਹਾਡਾ ਪਾਪ ਤੁਹਾਡੇ ਉੱਤੇ ਆ ਪਵੇਗਾ**। ਆਪਣੇ ਪੂਰੇ ਜੀਵਨ ਦੌਰਾਨ, ਖ਼ਾਸਕਰ ਉਹ ਚਾਲੀ ਵਰਹੇ ਜਿਨ੍ਹਾਂ ਵਿਚ ਉਸ ਨੇ

ਇਸਰਾਏਲ ਦੀ ਅਗਵਾਈ ਕੀਤੀ ਸੀ, ਮੂਸਾ ਨੇ ਇਸ ਸਿਧਾਂਤ ਨੂੰ ਕੰਮ ਕਰਦੇ ਵੇਖਿਆ ਸੀ। ਜਿਹੜੇ ਪਾਪ ਕਰਨਗੇ, ਕਿਸੇ ਨਾ ਕਿਸੇ ਸਮੇਂ, ਉਹ ਦੇ ਪਾਪ ਦੇ ਨਤੀਜੇ ਭੁਗਤਣਗੇ। ਇਸ ਤੋਂ ਇਲਾਵਾ, ਪਾਪ ਦਾ ਬਿਜਾਈ ਪ੍ਰਭਾਵ ਅਕਸਰ ਇਕ ਸਮੂਹਿਕ ਸ਼ਕਤੀ ਹੁੰਦੀ ਹੈ। ਜਿਹੜੇ ਬੀਜਦੇ ਹਨ ਉਹ ਉਸ ਨਾਲੋਂ ਬਹੁਤ ਜ਼ਿਆਦਾ ਵੱਢਣਗੇ ਜਿੰਨਾ ਉਨ੍ਹਾਂ ਨੇ ਬੀਜਿਆ ਹੈ ("ਵਾਵਰੋਲੇ ਵੱਢਦੇ ਹਨ"; ਹੋਸ਼ੇਆ 8:7)।[5] ਸੱਚਮੁੱਚ "ਜੀਉਂਦੇ ਪਰਮੇਸ਼ੁਰ ਦੇ ਹੱਥ ਵਿੱਚ ਪੈਣਾ ਭਿਆਣਕ ਹੈ" (ਇਬਰਾਨੀਆਂ 10:31)।

**ਆਇਤ 24.** ਇਹ ਚਿਤਾਵਨੀ ਜਾਰੀ ਕਰਨ ਤੋਂ ਬਾਅਦ ਅਤੇ **ਜਿਵੇਂ** [ਉਨ੍ਹਾਂ ਦੇ] **ਮੂੰਹੋਂ ਨਿੱਕਲਿਆ ਸੀ ਤਿਵੇਂ ਕਰਨ** ਦੀ ਇਕ ਹੋਰ ਨਸੀਹਤ ਦੇਣ ਤੋਂ ਬਾਅਦ, ਮੂਸਾ ਨੇ ਉਨ੍ਹਾਂ ਦੀ ਪੇਸ਼ਕਸ਼ ਨੂੰ ਪੂਰੀ ਨਿਹਚਾ ਨਾਲ ਸਵੀਕਾਰ ਕਰ ਲਿਆ। ਉਸ ਨੇ ਉਨ੍ਹਾਂ ਨੂੰ ਆਖਿਆ ਕਿ ਉਹ **ਸ਼ਹਿਰ ... ਬਣਾਉਣ** ਅਤੇ ਧਰਤੀ ਵਿਚ ਵੱਸਣ ਦੇ ਲਈ ਅੱਗੇ ਵੱਧ ਸਕਦੇ ਸਨ।

**ਆਇਤਾਂ 25-27. ਰਊਬੇਨੀਆਂ** ਅਤੇ **ਗਾਦੀਆਂ** ਦੇ ਆਗੂ ਮੂਸਾ ਦੇ ਹੁਕਮ ਦੀ ਪਾਲਣਾ ਕਰਨ ਲਈ ਸਹਿਮਤ ਹੋ ਗਏ। ਅਜਿਹਾ ਕਰਦਿਆਂ, ਉਨ੍ਹਾਂ ਨੇ ਇਸਰਾਏਲ ਦੇ ਆਗੂ ਦੇ ਲਈ ਉਚਿਤ ਆਦਰ ਵਿਖਾਇਆ, ਮੂਸਾ ਦਾ **ਸਾਡੇ ਸੁਆਮੀ** ਅਤੇ ਆਪਣੇ ਆਪ ਨੂੰ **ਤੁਹਾਡੇ ਦਾਸ** ਕਹਿ ਕੇ। ਉਨ੍ਹਾਂ ਦੇ **ਨਿੱਕੇ ਨਿਆਣੇ**, **ਤੀਵੀਆਂ**, **ਵੱਗ** ਅਤੇ **ਸਾਰਾ ਮਾਲ ਡੰਗਰ ਗਿਲਆਦ** ਵਿਚ ਹੀ ਰਹਿਣਾ ਸੀ ਕਿਉਂਕਿ ਗੋਤਾਂ ਵਿੱਚੋਂ **ਸ਼ਸਤ੍ਰ ਧਾਰੀ ਜੁੱਧ ਲਈ** ਗਏ ਸਨ। ਸੰਭਵ ਤੌਰ ਤੇ, ਉਹ ਉਨ੍ਹਾਂ ਨਤੀਜਿਆਂ ਤੇ ਵੀ ਸਹਿਮਤ ਹੋਏ ਜੋ ਉਨ੍ਹਾਂ ਤੇ ਆਉਣਗੇ ਜੇਕਰ ਉਨ੍ਹਾਂ ਨੇ ਆਪਣੇ ਵਾਅਦੇ ਨੂੰ ਤੋੜਿਆ।

**ਆਇਤ 28.** ਮੂਸਾ ਨੇ **ਅਲਆਜ਼ਾਰ ਜਾਜਕ**, **ਯਹੋਸ਼ੁਆ** ਅਤੇ **ਪਿਤ੍ਰਾਂ ਦੇ ਘਰਾਣਿਆਂ ਦੇ ਮੁਖੀਆਂ** ਸਮੇਤ ਇਸਰਾਏਲ ਦੇ ਹੋਰ ਆਗੂਆਂ ਨੂੰ ਆਪਣਾ ਫ਼ੈਸਲਾ ਸੁਣਾਇਆ। ਸਪੱਸ਼ਟ ਹੈ ਕਿ ਉਨ੍ਹਾਂ ਨੂੰ ਇਸ ਗੱਲਬਾਤ ਦਾ ਪਤਾ ਨਹੀਂ ਸੀ।

**ਆਇਤਾਂ 29, 30.** ਮੂਸਾ ਨੇ ਇਨ੍ਹਾਂ ਆਗੂਆਂ ਨੂੰ ਸਮਝੌਤੇ ਦੀਆਂ ਧਾਰਾਵਾਂ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਦਿੱਤੀ। ਕਿਉਂਕਿ ਉਹ ਜਲਦੀ ਹੀ ਮਰ ਜਾਵੇਗਾ ਅਤੇ ਧਰਤੀ ਵਿਚ ਦਾਖਲ ਨਹੀਂ ਹੋਵੇਗਾ, ਇਸ ਲਈ ਉਨ੍ਹਾਂ ਆਗੂਆਂ ਨੂੰ ਵੇਖਣਾ ਪਵੇਗਾ ਕਿ ਯੋਜਨਾ ਪੂਰੀ ਹੋ ਗਈ ਸੀ। ਜੇਕਰ **ਗਾਦੀ** ਅਤੇ **ਰਊਬੇਨੀ** ਜੋਧੇ ਦੂਜਿਆਂ ਨਾਲ **ਯਰਦਨ ਤੋਂ ਲੰਘਣ** ਦੇ ਆਪਣੇ ਵਾਅਦੇ ਨੂੰ ਪੂਰਾ ਕਰਦੇ ਹਨ ਅਤੇ ਤਦ ਤੱਕ ਲੜਦੇ ਹਨ ਜਦੋਂ ਤੱਕ **ਧਰਤੀ ਸਰ ਨਹੀਂ** [ਸੀ] **ਹੋ ਜਾਂਦੀ**, ਤਾਂ ਆਗੂਆਂ ਨੇ ਇਹ ਯਕੀਨੀ ਬਣਾਉਣਾ ਸੀ ਕਿ ਉਹ ਗੋਤ **ਗਿਲਆਦ ਦੀ ਧਰਤੀ ਨੂੰ ਉਨ੍ਹਾਂ ਦੀ ਮਿਲਖ** ਕਰ ਲੈਣ। ਜੇਕਰ ਉਹ ਕਨਾਨ ਨੂੰ ਫਤਿਹ ਕਰਨ ਵਿਚ ਸਹਾਇਤਾ ਕਰਨ ਦੇ ਆਪਣੇ ਵਾਅਦੇ ਤੋਂ ਮੁੱਕਰ ਜਾਂਦੇ ਅਤੇ **ਸ਼ਸਤ੍ਰ ਧਾਰੀ ਹੋਕੇ ਪਾਰ ਨਾ ਲੰਘਦੇ**, ਸਮਝੌਤਾ ਰੱਦ ਹੋ ਜਾਣਾ ਸੀ। ਉਨ੍ਹਾਂ ਨੂੰ ਯਰਦਨ ਦੇ ਪੂਰਬ ਵੱਲ ਵੱਸਣ ਦੀ ਇਜਾਜ਼ਤ ਨਹੀਂ ਸੀ ਦਿੱਤੀ ਜਾਣੀ ਪਰ ਉਨ੍ਹਾਂ ਨੂੰ ਕਨਾਨ ਦੇ ਹੋਰ ਗੋਤਾਂ ਵਿਚ ਆਪਣੀ **ਮਿਲਖ** ਲੱਭਣੀ ਪੈਣੀ ਸੀ।

**ਆਇਤਾਂ 31, 32. ਗਾਦੀਆਂ ਅਤੇ ਰਊਬੇਨੀਆਂ ਨੇ** ਇਨ੍ਹਾਂ ਆਗੂਆਂ ਦੇ ਅੱਗੇ ਪ੍ਰਬੰਧਨ ਲਈ ਆਪਣੀ ਅਧਿਕਾਰਤ ਸਹਿਮਤੀ ਦੇ ਦਿੱਤੀ। ਉਨ੍ਹਾਂ ਨੇ ਇਸ ਦੀਆਂ ਸ਼ਰਤਾਂ ਨੂੰ ਦੁਹਰਾਉਂਦੇ ਹੋਏ ਸਮਝੌਤੇ ਉੱਤੇ ਮੋਹਰ ਲਗਾ ਦਿੱਤੀ, **ਅਸੀਂ ਸ਼ਸਤ੍ਰ ਧਾਰੀ ਹੋ ਕੇ ਯਹੋਵਾਹ ਅੱਗੇ ਕਨਾਨ ਦੇਸ ਵਿੱਚ ਵੜਾਂਗੇ ਪਰ ਸਾਡੀ ਮਿਲਖ ਦਾ ਕਬਜ਼ਾ ਯਰਦਨ ਦੇ ਏਸ ਪਾਰ ਰਹੇਗਾ**। ਯਹੋਸ਼ੁਆ ਦੀ ਪੁਸਤਕ ਵਿਚ ਇਨ੍ਹਾਂ ਗੋਤਾਂ ਨੂੰ "ਹੋਰ ਇਸਰਾਏਲੀਆਂ ਦੇ ਅੱਗੇ ਆਪਣੀ ਫੌਜ ਨੂੰ ਘੱਲਣ" (ਯਹੋਸ਼ੁਆ 4:12) ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਅਤੇ ਉਸ ਤੋਂ ਬਾਅਦ ਉਨ੍ਹਾਂ ਦੇ ਘਰ ਮੁੜਨ (ਯਹੋਸ਼ੁਆ 22:9) ਨੂੰ ਦਰਸਾਇਆ ਗਿਆ ਹੈ।[6]

# ਧਰਤੀ ਦੀ ਵੰਡ (32:33-42)

**[33]ਤਾਂ ਮੂਸਾ ਨੇ ਗਾਦੀਆਂ ਅਤੇ ਰਊਬੇਨੀਆਂ ਨੂੰ ਅਤੇ ਯੂਸੁਫ਼ ਦੇ ਪੁੱਤ੍ਰ ਮਨੱਸ਼ਹ ਦੇ ਅੱਧੇ ਗੋਤ ਨੂੰ ਅਮੋਰੀਆਂ ਦੇ ਰਾਜੇ ਸੀਹੋਨ ਦੇ ਰਾਜ ਨੂੰ ਅਤੇ ਬਾਸ਼ਾਨ ਦੇ ਰਾਜੇ ਓਗ ਦੇ ਰਾਜ ਨੂੰ ਦੇ ਦਿੱਤਾ ਅਰਥਾਤ ਉਹ ਧਰਤੀ ਉਸ ਦੇ ਸ਼ਹਿਰਾਂ ਨਾਲ ਉਨ੍ਹਾਂ ਦੀਆਂ ਹੱਦਾਂ ਤੀਕ ਅਰਥਾਤ ਆਲੇ ਦੁਆਲੇ ਦੀ ਧਰਤੀ ਦੇ ਸ਼ਹਿਰ। [34]ਅਤੇ ਗਾਦੀਆਂ ਨੇ ਏਹ ਗੜ੍ਹ ਵਾਲੇ ਸ਼ਹਿਰ ਆਪਣੇ ਇੱਜੜਾਂ ਦੇ ਵਾੜਿਆਂ ਸਣੇ ਬਣਾਏ ਅਰਥਾਤ ਦੀਬੋਨ ਅਤੇ ਅਟਾਰੋਥ ਅਤੇ ਅਰੋਏਰ [35]ਅਤੇ ਅਟੋਰਥ-ਸੋਫ਼ਾਨ ਅਤੇ ਯਾਜ਼ੇਰ ਅਤੇ ਯਾਗਬਹਾਹ [36]ਅਤੇ ਬੈਤ-ਨਿਮਰਾਹ ਅਤੇ ਬੈਤ-ਹਾਰਾਨ ਅਤੇ ਏਹ ਗੜ੍ਹਾਂ ਵਾਲੇ ਸ਼ਹਿਰ ਅਤੇ ਭੇਡਾਂ ਦੇ ਵਾੜੇ ਬਣਾਏ। [37]ਪਰ ਰਊਬੇਨੀਆਂ ਨੇ ਏਹ ਬਣਾਏ, - ਹਸ਼ਬੋਨ ਅਤੇ ਅਲਆਲੇ ਅਤੇ ਕਿਰਯਾਥੈਮ [38]ਅਤੇ ਨਬੋ ਅਤੇ ਬਆਲ-ਮਓਨ ਜਿਨ੍ਹਾਂ ਦੇ ਨਾਉਂ ਬਦਲ ਗਏ ਅਤੇ ਸ਼ਿਬਮਾਹ ਅਤੇ ਜਿਹੜੇ ਸ਼ਹਿਰ ਉਨ੍ਹਾਂ ਨੇ ਬਣਾਏ ਉਨ੍ਹਾਂ ਦੇ ਹੋਰ ਨਾਉਂ ਰੱਖੇ। [39]ਮਨੱਸ਼ਹ ਦੇ ਪੁੱਤ੍ਰ ਮਾਕੀਰ ਦੀ ਅੰਸ ਨੇ ਜਾ ਕੇ ਗਿਲਆਦ ਨੂੰ ਲੈ ਲਿਆ ਅਤੇ ਅਮੋਰੀਆਂ ਨੂੰ ਜਿਹੜੇ ਉਹ ਦੇ ਵਿੱਚ ਸਨ ਕੱਢ ਦਿੱਤਾ। [40]ਤਾਂ ਮੂਸਾ ਨੇ ਗਿਲਆਦ ਮਨੱਸ਼ਹ ਦੀ ਅੰਸ ਦੇ ਮਾਕੀਰ ਨੂੰ ਦਿੱਤਾ ਅਤੇ ਉਹ ਉਸ ਵਿੱਚ ਵੱਸਿਆ। [41]ਅਤੇ ਮਨੱਸ਼ਹ ਦੀ ਅੰਸ ਦੇ ਯਾਈਰ ਨੇ ਜਾ ਕੇ ਉਨ੍ਹਾਂ ਦੀਆਂ ਬਸਤੀਆਂ ਨੂੰ ਲੈ ਲਿਆ ਅਤੇ ਉਨ੍ਹਾਂ ਦੇ ਨਾਉਂ ਹੱਵੋਥ-ਯਾਈਰ ਰੱਖੇ। [42]ਅਤੇ ਨੋਬਹ ਨੇ ਜਾ ਕੇ ਕਨਾਥ ਅਤੇ ਉਸ ਦੇ ਪਿੰਡਾਂ ਨੂੰ ਲਿਆ ਅਤੇ ਉਸ ਨੂੰ ਆਪਣਾ ਨਾਉਂ ਨੋਬਹ ਦਿੱਤਾ।**

**ਆਇਤ 33.** ਅੱਗੇ, **ਮੂਸਾ ਨੇ** ਦੋ ਗੋਤਾਂ (ਅਤੇ **ਮਨੱਸ਼ਹ ਦੇ ਅੱਧੇ ਗੋਤ**) ਨੂੰ ਉਹ ਧਰਤੀ ਦਿੱਤੀ ਜਿਸ ਦੀ ਉਨ੍ਹਾਂ ਨੇ ਬੇਨਤੀ ਕੀਤੀ ਸੀ, ਧਰਤੀ ਜਿਹੜੀ **ਸੀਹੋਨ** ਅਤੇ **ਓਗ** ਤੋਂ ਲਈ ਗਈ ਸੀ। ਇੱਥੇ "ਮਨੱਸ਼ਹ ਦੇ ਅੱਧ ਗੋਤ" ਦਾ ਜ਼ਿਕਰ ਪਹਿਲੀ ਵਾਰ ਕੀਤਾ ਗਿਆ ਹੈ। ਸਪੱਸ਼ਟ ਤੌਰ ਤੇ, ਮਨੱਸ਼ਹ ਦੇ ਮਨੁੱਖ **ਗਾਦੀਆਂ** ਅਤੇ **ਰਊਬੇਨੀਆਂ** ਦੇ ਗੋਤਾਂ ਨਾਲ ਅਧਿਆਇ ਵਿਚ ਪਹਿਲਾਂ ਵਰਣਨ ਕੀਤੀ ਗਈ ਗੱਲਬਾਤ ਵਿਚ ਸ਼ਾਮਲ ਨਹੀਂ ਸਨ। ਉਨ੍ਹਾਂ ਨੇ ਵੀ ਯਰਦਨ ਦੇ ਪੂਰਬ ਵੱਲ ਵੱਸਣ ਵਿਚ ਕੁਝ ਲਾਭ ਵੇਖਿਆ ਹੋਵੇਗਾ। ਇਹ ਬਿਆਨ ਕਿ ਉਨ੍ਹਾਂ ਨੇ ਉਸ ਇਲਾਕੇ ਉੱਤੇ ਕਬਜ਼ਾ ਕਰ ਲਿਆ ਜਿਸ ਉੱਤੇ ਉਹ ਵੱਸ ਗਏ ਸਨ (32:39) - ਨਤੀਜੇ ਵਜੋਂ "ਮੂਸਾ ਨੇ ਗਿਲਆਦ ਮਾਕੀਰ [ਮਨੱਸ਼ਹ ਦੇ ਵੰਸ਼ਾਂ ਵਿੱਚੋਂ ਇਕ] ਨੂੰ ਦੇ ਦਿੱਤਾ" (32:40) - ਇਹ ਸੁਝਾਅ ਦੇ ਸਕਦਾ ਹੈ ਕਿ **ਧਰਤੀ ਉਸ ਦੇ ਸ਼ਹਿਰਾਂ ਨਾਲ ਉਨ੍ਹਾਂ ਦੀਆਂ ਹੱਦਾਂ ਤੀਕ** ਮਨੱਸ਼ਹ ਦੇ ਮਨੁੱਖਾਂ ਨੂੰ ਦੇ ਦਿੱਤੀ ਗਈ ਸੀ ਕਿਉਂਕਿ ਉਨ੍ਹਾਂ ਨੇ ਉਸ ਤੇ ਕਬਜ਼ਾ ਕਰ ਲਿਆ ਸੀ। ਉਹ ਇਲਾਕੇ ਜੋ ਉਨ੍ਹਾਂ ਨੇ ਮੂਸਾ ਦੀ ਅਗਵਾਈ ਹੇਠ ਜਿੱਤੇ ਸਨ ਯਹੋਸ਼ੁਆ 13:8-12 ਵਿਚ ਦਰਸਾਏ ਗਏ ਹਨ।

**ਆਇਤਾਂ 34-36.** ਕੁਝ ਵੇਰਵੇ ਦਿੱਤੇ ਗਏ ਹਨ ਕਿ ਯਰਦਨ ਦੇ ਪੂਰਬ ਵੱਲ ਕਿਹੜਾ ਇਲਾਕਾ ਕਿਹੜੇ ਗੋਤ ਨੂੰ ਦਿੱਤਾ ਗਿਆ ਸੀ। ਅਸੀਂ **ਗਾਦੀਆਂ** ਨੂੰ ਅੱਠ **ਗੜ੍ਹਾਂ ਵਾਲੇ ਸ਼ਹਿਰ**, ਨਾਲੇ **ਭੇਡਾਂ ਦੇ ਵਾੜੇ** ਬਣਾਉਣ ਬਾਰੇ ਪੜ੍ਹਦੇ ਹਾਂ। ਇਸ ਸੰਦਰਭ ਵਿਚ **ਬਣਾਏ** ਸ਼ਬਦ ਸ਼ਹਿਰਾਂ ਦੀ ਮੁੜ ਉਸਾਰੀ ਕਰਨ ਜਾਂ ਮਜ਼ਬੂਤ ਕਰਨ ਦਾ ਹਵਾਲਾ ਦਿੰਦਾ ਹੈ। ਸੂਚੀਬੱਧ ਅੱਠ ਸ਼ਹਿਰਾਂ ਵਿੱਚੋਂ, ਚਾਰ ਉਹੀ ਸ਼ਹਿਰ ਹਨ ਜਿਨ੍ਹਾਂ ਦੀ ਅਸਲ ਵਿਚ ਆਇਤ 3 ਵਿਚ ਬੇਨਤੀ ਕੀਤੀ ਗਈ ਸੀ: **ਦੀਬੋਨ**, **ਅਟਾਰੋਥ**,[7] **ਯਾਜ਼ੇਰ** ਅਤੇ **ਬੈਤ-ਨਿਮਰਾਹ** (ਨਿਮਰਾਹ)।

**ਆਇਤਾਂ 37, 38.** ਛੇ ਸ਼ਹਿਰ **ਰਊਬੇਨੀਆਂ** ਦੁਆਰਾ ਮਜ਼ਬੂਤ ਕੀਤੇ ਗਏ ਸਨ। ਇਨ੍ਹਾਂ ਵਿੱਚੋਂ ਪੰਜ ਸੰਭਵ ਤੌਰ ਤੇ ਉਹ ਸ਼ਹਿਰ ਹਨ ਜਿਨ੍ਹਾਂ ਦੀ ਆਇਤ 3 ਵਿਚ ਬੇਨਤੀ ਕੀਤੀ ਗਈ ਸੀ: **ਹਸ਼ਬੋਨ**, **ਅਲਆਲੇ**, **ਨਬੋ**, **ਬਆਲ-ਮਓਨ** (ਬਓਨ) ਅਤੇ **ਸ਼ਿਬਮਾਹ** (ਸਬਾਮ)। "ਨਬੋ"

ਅਤੇ "ਬਆਲ-ਮਓਨ" ਦਾ ਜ਼ਿਕਰ ਕਰਨ ਤੋਂ ਬਾਅਦ, ਲਿਖਤ ਆਖਦੀ ਹੈ ਕਿ **ਉਨ੍ਹਾਂ ਦੇ ਹੋਰ ਨਾਉਂ ਰੱਖੇ** [ਗਏ ਸਨ]। ਇਸ ਤੱਥ ਨੂੰ ਆਇਤ 38 ਦੇ ਅੰਤ ਵਿਚ ਜ਼ੋਰ ਦੇਣ ਲਈ ਦੁਹਰਾਇਆ ਗਿਆ ਹੈ: **ਜਿਹੜੇ ਸ਼ਹਿਰ ਉਨ੍ਹਾਂ ਨੇ ਬਣਾਏ ਉਨ੍ਹਾਂ ਉਨ੍ਹਾਂ ਦੇ ਹੋਰ ਨਾਉਂ ਰੱਖੇ।** ਉਨ੍ਹਾਂ ਸ਼ਹਿਰਾਂ ਦਾ ਨਾਮ ਬਦਲਣ ਦਾ ਕਾਰਣ ਇਹ ਸੀ ਕਿ "ਨਬੋ" ("ਨਬੂ") ਅਤੇ "ਬਆਲ" ਝੂਠੇ ਦੇਵਤਿਆਂ ਦੇ ਨਾਮ ਸਨ। ਸ਼ਹਿਰਾਂ ਦੇ ਨਾਮ ਬਦਲਣ ਨਾਲ ਇਤਿਹਾਸ ਦੇ ਵਿਚ ਇਕ ਨਵੇਂ ਅਧਿਆਇ ਦੀ ਸ਼ੁਰੂਆਤ ਹੋਈ, ਕਿਉਂਕਿ ਇਹ ਧਰਤੀ ਹੁਣ ਯਹੋਵਾਹ ਦੇ ਲੋਕਾਂ ਦੀ ਸੀ।

**ਆਇਤਾਂ 39-42. ਮੂਸਾ ਨੇ ਗਿਲਆਦ** ਮਨੱਸ਼ਹ ਦੀ ਅੰਸ ਨੂੰ ਦਿੱਤਾ ਅਤੇ ਉਨ੍ਹਾਂ ਨੇ **ਅਮੋਰੀਆਂ ਨੂੰ ਕੱਢ ਦਿੱਤਾ ਜਿਹੜੇ** ਉਹ ਦੇ ਵਿਚ ਰਹਿੰਦੇ ਸਨ। **ਮਨੱਸ਼ਹ ਦੀ ਅੰਸ ਮਾਕੀਰ ਗਿਲਆਦ** ਵਿਚ ਵੱਸ ਗਈ। **ਯਾਈਰ** ਨੇ **ਬਸਤੀਆਂ** ਜਿੱਤੀਆਂ ਅਤੇ **ਉਨ੍ਹਾਂ ਦੇ ਨਾਉਂ ਹੱਵੋਥ-ਯਾਈਰ ਰੱਖੇ। ਨੋਬਹ ਨੇ ਜਾ ਕੇ ਕਨਾਥ ਅਤੇ ਉਸ ਦੇ ਪਿੰਡਾਂ ਨੂੰ ਲਿਆ** ਅਤੇ ਇਸ ਦਾ ਨਾਮ ਬਦਲ ਦਿੱਤਾ ਅਤੇ **ਉਸ ਨੂੰ ਆਪਣਾ ਨਾਮ** ਦਿੱਤਾ।

ਇਨ੍ਹਾਂ ਸਾਰੇ ਸ਼ਹਿਰਾਂ ਦੀ ਸਹੀ ਸਥਿਤੀ ਅਤੇ $2^1/_2$ ਗੋਤਾਂ ਦੀਆਂ ਜ਼ਮੀਨਾਂ ਕਿਵੇਂ ਇਕ ਦੂਜੇ ਨਾਲ ਸੰਬੰਧਤ ਹਨ ਸਪੱਸ਼ਟ ਨਹੀਂ ਹੈ।[8] ਯਹੋਸ਼ੁਆ 13:15-33 ਅਨੁਸਾਰ, ਰਊਬੇਨ ਦੱਖਣ ਵਿਚ ਵੱਸ ਗਿਆ, ਫਿਰ ਗਾਦ ਉੱਤਰ ਵੱਲ ਅਤੇ ਮਨੱਸ਼ਹ ਬਾਸ਼ਾਨ ਵਿਚ ਥੋੜ੍ਹਾ ਹੋਰ ਦੂਰ ਉੱਤਰ ਵਿਚ ਵੱਸ ਗਿਆ।

# ਪ੍ਰਾਸੰਗਿਕਤਾ

### "ਜਾਣੋ ਭਈ ਤੁਹਾਡਾ ਪਾਪ ਤੁਹਾਡੇ ਉੱਤੇ ਆ ਪਵੇਗਾ" (32:23)

ਦੋ ਮਨੁੱਖਾਂ ਨੇ ਟੈਕਸਾਸ ਦੇ ਇਕ ਸ਼ਹਿਰ ਟਰੈਂਟ ਵਿਚ ਜਿੱਥੇ ਮੈਂ ਰਹਿੰਦਾ ਹਾਂ ਸਕੀ ਨਕਾਬ ਪਾ ਕੇ ਇਕ ਬੈਂਕ ਨੂੰ ਲੁੱਟ ਲਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਨੇ ਸੋਚਿਆ ਕਿ ਉਨ੍ਹਾਂ ਦੇ ਮੂੰਹਾਂ ਨੂੰ ਛੁਪਾਉਣਾ ਉਨ੍ਹਾਂ ਨੂੰ ਫੜੇ ਜਾਣ ਤੋਂ ਜਾਂ ਉਨ੍ਹਾਂ ਦੇ ਇਸ ਅਪਰਾਧ ਦੇ ਲਈ ਉਨ੍ਹਾਂ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਬਚਾ ਲਵੇਗਾ।

ਇਨ੍ਹਾਂ ਬੈਂਕ ਲੁਟੇਰਿਆਂ ਨੇ ਹੋਰਨਾਂ ਨਾਲ ਵੀ ਇਸ ਵਿਚਾਰ ਨੂੰ ਸਾਂਝਾ ਕੀਤਾ ਕਿ ਜੇਕਰ ਉਹ ਇਸ ਸੱਚਾਈ ਨੂੰ ਛੁਪਾ ਸਕਦੇ ਹਨ ਕਿ ਉਨ੍ਹਾਂ ਨੇ ਗਲਤੀ ਕੀਤੀ ਹੈ, ਉਹ ਉਨ੍ਹਾਂ ਦੀ ਗਲਤੀ ਦੇ ਲਈ ਕਦੀ ਜ਼ਿੰਮੇਵਾਰ ਨਹੀਂ ਠਹਿਰਾਏ ਜਾਣਗੇ। ਇਹੋ ਜਿਹੀ ਸੋਚ ਬੈਂਕ ਲੁਟੇਰਿਆਂ ਨੂੰ ਨਕਾਬ ਪਹਿਨਣ ਦੀ ਵੱਲ, ਦੁਕਾਨ ਵਿੱਚੋਂ ਚੋਰੀ ਕਰਨ ਵਾਲਿਆਂ ਨੂੰ ਦੁਕਾਨ ਤੋਂ ਚੋਰੀ ਕਰਨ ਤੋਂ ਪਹਿਲਾਂ ਜਦੋਂ ਤੱਕ ਉਨ੍ਹਾਂ ਨੂੰ ਵੇਖ ਰਿਹਾ ਹੈ ਤਦ ਤੱਕ ਉਡੀਕ ਕਰਨ ਦੀ ਵੱਲ ਅਤੇ ਘੁਸਪੈਠੀਆਂ ਨੂੰ ਜਦੋਂ ਉਹ ਕਿਸੇ ਘਰ ਵਿਚ ਘੁਸਪੈਠ ਕਰਨ ਲੱਗਦੇ ਹਨ ਤਾਂ ਇਹ ਯਕੀਨੀ ਬਣਾਉਣ ਦੀ ਵੱਲ ਲੈ ਜਾਵੇਗੀ ਕਿ ਘਰ ਵਿਚ ਕੋਈ ਨਹੀਂ ਹੈ। ਉਸੇ ਤਰ੍ਹਾਂ, ਜਿਹੜੇ ਵਿਭਚਾਰ ਕਰਦੇ ਹਨ ਹਨੇਰੇ ਦੀ ਆੜ ਵਿਚ ਮਿਲਦੇ ਹਨ।

ਕੀ ਪਾਪ ਦੇ ਨਤੀਜਿਆਂ ਤੋਂ ਬਚਣ ਦੀਆਂ ਅਜਿਹੀਆਂ ਕੋਸ਼ਿਸ਼ਾਂ ਸਫ਼ਲ ਹੋ ਸਕਦੀਆਂ ਹਨ? ਸਾਡੀ ਲਿਖਤ ਆਖਦੀ ਹੈ ਕਿ ਉਹ ਸਫ਼ਲ ਨਹੀਂ ਹੋ ਸਕਦੀਆਂ: "ਜਾਣੋ ਭਈ ਤੁਹਾਡਾ ਪਾਪ ਤੁਹਾਡੇ ਉੱਤੇ ਆ ਪਵੇਗਾ" (32:23)। ਨਵੇਂ ਨੇਮ ਵਿਚ, ਸਾਨੂੰ ਇਹੋ ਜਿਹਾ ਸੰਦੇਸ਼ ਮਿਲਦਾ ਹੈ: "ਜੋ ਕੁਝ ਮਨੁੱਖ ਬੀਜਦਾ ਹੈ ਸੋਈਓ ਵੱਢੇਗਾ ਭੀ" (ਗਲਾਤੀਆਂ 6:7)। ਇਹ ਬੰਦ ਇਕ ਸਿਧਾਂਤ ਨੂੰ ਸਿਖਾਉਂਦੇ ਹਨ ਜੋ ਹਮੇਸ਼ਾ ਸਹੀ ਸਾਬਤ ਹੋਇਆ ਹੈ।

*ਅਸਲੀ ਸੰਦਰਭ ਵਿਚ ਦੱਸਿਆ ਗਿਆ ਸਿਧਾਂਤ।* ਗਿਣਤੀ 32 ਅਧਿਆਇ ਦੱਸਦਾ ਹੈ ਕਿ ਰਊਬੇਨ ਅਤੇ ਗਾਦ ਦੇ ਗੋਤਾਂ ਨੇ ਯਰਦਨ ਦੇ ਪੂਰਬ ਵੱਲ ਜੋ ਧਰਤੀ ਸੀ ਉਸ ਵਿਚ ਵੱਸਣ

ਦੀ ਮੰਗ ਕੀਤੀ ਸੀ - ਉਹ ਧਰਤੀ ਜਿੱਥੇ ਇਸਰਾਏਲੀਆਂ ਨੇ ਪਹਿਲਾਂ ਹੀ ਕਬਜ਼ਾ ਕਰ ਲਿਆ ਸੀ (32:1-4)।

ਉਨ੍ਹਾਂ ਦੀ ਬੇਨਤੀ ਨੇ ਮੂਸਾ ਨੂੰ ਪਰੇਸ਼ਾਨ ਕਰ ਦਿੱਤਾ, ਜਿਸ ਨੇ ਉਨ੍ਹਾਂ ਨੂੰ "ਇਸਰਾਏਲੀਆਂ ਦਾ ਦਿਲ ਤੋੜਨ ਵਾਲਿਆਂ" (23:7) ਦੇ ਰੂਪ ਵਿਚ ਵੇਖਿਆ। ਉਸ ਨੇ ਸੋਚਿਆ ਕਿ ਉਹ ਯਰਦਨ ਨੂੰ ਪਾਰ ਕਰਨ ਅਤੇ ਵਾਅਦੇ ਦੀ ਧਰਤੀ ਤੇ ਕਬਜ਼ਾ ਕਰਨ ਤੋਂ ਇਨਕਾਰ ਕਰ ਰਹੇ ਸਨ, ਜਿਵੇਂ ਕਿ ਪਿਛਲੀ ਪੀੜ੍ਹੀ ਨੇ ਕੀਤਾ ਸੀ। ਉਸ ਨੂੰ ਡਰ ਸੀ ਕਿ ਇਹੋ ਜਿਹੇ ਕੰਮ ਦਾ ਨਤੀਜਾ ਇਸਰਾਏਲੀਆਂ ਦਾ ਨਾਸ ਹੀ ਹੋਵੇਗਾ (32:6-15)।

ਦੋ ਗੋਤਾਂ (ਮਨੱਸ਼ਹ ਦਾ ਅੱਧਾ ਗੋਤ ਬਾਅਦ ਵਿਚ ਉਨ੍ਹਾਂ ਨਾਲ ਸ਼ਾਮਲ ਹੋਇਆ ਸੀ) ਨੇ ਇਕ ਵਾਅਦੇ ਨਾਲ ਜਵਾਬ ਦਿੱਤਾ ਸੀ। ਉਨ੍ਹਾਂ ਨੇ ਆਖਿਆ ਕਿ ਜੇਕਰ ਮੂਸਾ ਉਨ੍ਹਾਂ ਨੂੰ ਯਰਦਨ ਦੇ ਪੂਰਬ ਵੱਲ ਉਨ੍ਹਾਂ ਦੀ ਮਿਲਖ ਦੇਵੇਗਾ, ਉਹ ਆਪਣੀਆਂ ਤੀਵੀਆਂ ਅਤੇ ਨਿੱਕੇ ਨਿਆਣਿਆਂ ਅਤੇ ਪਸ਼ੂਆਂ ਨਾਲ ਉੱਥੇ ਵੱਸ ਜਾਣਗੇ, ਪਰ ਉਨ੍ਹਾਂ ਦੇ ਯੋਧੇ ਯਰਦਨ ਦੇ ਪਾਰ ਜਾਣਗੇ ਅਤੇ ਬਾਕੀ ਦੇ ਇਸਰਾਏਲੀਆਂ ਦੇ ਨਾਲ ਮਿਲ ਕੇ ਲੜਨਗੇ। ਉਹ ਤਦ ਤੱਕ ਲੜਦੇ ਰਹਿਣਗੇ ਜਦੋਂ ਤੱਕ ਉਹ ਕਨਾਨ ਦੇ ਦੇਸ ਨੂੰ ਜਿੱਤ ਨਹੀਂ ਲੈਂਦੇ ਅਤੇ ਫਿਰ ਹੀ ਆਪਣੇ ਟੱਬਰਾਂ ਵੱਲ ਪਰਤਣਗੇ (32:16-19)।

ਮੂਸਾ ਉਨ੍ਹਾਂ ਦੀ ਇਸ ਗੱਲ ਨਾਲ ਸਹਿਮਤ ਹੋ ਗਿਆ ਪਰ ਉਨ੍ਹਾਂ ਨੂੰ ਆਪਣਾ ਵਾਅਦਾ ਪੂਰਾ ਨਾ ਕਰਨ ਦੇ ਵਿਰੁੱਧ ਚਿਤਾਵਨੀ ਵੀ ਦਿੱਤੀ। ਉਸ ਨੇ ਆਖਿਆ, "ਪਰ ਜੇ ਤੁਸੀਂ ਏਹ ਨਾ ਕਰੋ ਤਾਂ ਵੇਖੋ, ਤੁਸਾਂ ਯਹੋਵਾਹ ਦਾ ਪਾਪ ਕੀਤਾ ਅਤੇ ਜਾਣੋ ਭਈ ਤੁਹਾਡਾ ਪਾਪ ਤੁਹਾਡੇ ਉੱਤੇ ਆ ਪਵੇਗਾ" (32:23)। ਮੂਸਾ ਨੇ ਉਨ੍ਹਾਂ ਦੀ ਰਜ਼ਾਮੰਦੀ ਨੂੰ ਇਕ ਵਿਆਪਕ ਸੰਦਰਭ ਵਿਚ ਰੱਖਿਆ। ਇਸ ਦੇ ਵਿਚ ਸਿਰਫ ਦੋ ਗੋਤ - ਪੂਰਬ ਵਾਲੇ ਪਾਸੇ ਦੇ ਗੋਤ ਅਤੇ ਪੱਛਮ ਵਾਲੇ ਪਾਸੇ ਦੇ ਗੋਤ - ਸ਼ਾਮਲ ਨਹੀਂ ਸਨ। ਇਸ ਦੇ ਵਿਚ ਇਕ ਤੀਜਾ ਗੁੱਟ ਵੀ ਸ਼ਾਮਲ ਸੀ: ਪਰਮੇਸ਼ੁਰ! ਜੇਕਰ ਦੋ ਗੋਤ ਉਹ ਕਰਨ ਵਿਚ ਅਸਫ਼ਲ ਹੋ ਜਾਂਦੇ ਜੋ ਉਨ੍ਹਾਂ ਨੇ ਕਰਨ ਦਾ ਵਾਅਦਾ ਕੀਤਾ ਸੀ, ਉਨ੍ਹਾਂ ਨੇ ਪਰਮੇਸ਼ੁਰ ਦੇ ਵਿਰੁੱਧ ਪਾਪ ਕਰਨਾ ਸੀ - ਅਤੇ ਉਨ੍ਹਾਂ ਨੂੰ ਇਸ ਪਾਪ ਦੀ ਸਜ਼ਾ ਮਿਲਨੀ ਸੀ। ਖੁਸ਼ਖ਼ਬਰੀ ਇਹ ਹੈ ਕਿ ਇਨ੍ਹਾਂ ਗੋਤਾਂ ਨੇ ਆਪਣੇ ਵਾਅਦੇ ਨੂੰ ਪੂਰਾ ਕੀਤਾ (ਯਹੋਸ਼ੁਆ 4:12, 13; 22:1-4)।

ਮੂਸਾ ਦੇ ਰਾਹੀਂ ਗੱਲ ਕਰਦਿਆਂ, ਜਦੋਂ ਪਰਮੇਸ਼ੁਰ ਨੇ ਆਖਿਆ ਕਿ "ਤੁਹਾਡਾ ਪਾਪ ਤੁਹਾਡੇ ਉੱਤੇ ਆ ਪਵੇਗਾ" (32:23), ਤਾਂ ਪਰਮੇਸ਼ੁਰ ਦਾ ਕੀ ਮਤਲਬ ਸੀ? ਇਕ ਟਿੱਪਣੀਕਾਰ ਨੇ ਲਿਖਿਆ,

> ਮੂਸਾ ਨੇ ਇਹ ਨਹੀਂ ਸੀ ਆਖਿਆ ਕਿ ਪਰਮੇਸ਼ੁਰ ਸਿੱਧੇ ਤੌਰ ਤੇ ਉਨ੍ਹਾਂ ਨੂੰ ਸਜ਼ਾ ਦੇਵੇਗਾ। ਬਲਕਿ, ਉਸ ਨੇ ਆਖਿਆ ਸੀ ਕਿ ਉਨ੍ਹਾਂ ਦਾ ਪਾਪ ... ਆਪਣੇ ਆਪ ... ਉਨ੍ਹਾਂ ਉੱਤੇ ਆ ਪਵੇਗਾ। ਦੂਜੇ ਸ਼ਬਦਾਂ ਵਿਚ, ਪਾਪ ਬੁਰੇ ਨਤੀਜਿਆਂ ਨਾਲ ਉਨ੍ਹਾਂ ਨੂੰ ਤੰਗ ਕਰਨ ਦੇ ਲਈ ਅਵੱਸ਼ ਉਲਟਾ ਉਨ੍ਹਾਂ ਤੇ ਆ ਪਵੇਗਾ। ਬਾਈਬਲ ਵਿਚ ਇਹ ਮੁੱਖ ਵਿਸ਼ਾ ਅਕਸਰ ਬੁਰੇ ਕੰਮਾਂ ਦੇ ਰੂਪਕ ਦੁਆਰਾ ਉਨ੍ਹਾਂ ਦੇ ਸਿਰਾਂ ਤੇ ਉਲਟ ਕੇ ਪੈਣ ਦੁਆਰਾ ਪਰਗਟ ਕੀਤਾ ਗਿਆ ਹੈ ਜੋ ਬੁਰੇ ਕੰਮਾਂ ਨੂੰ ਕਰਦੇ ਹਨ।[9]

ਅਸੀਂ ਕਹਿ ਸਕਦੇ ਹਾਂ ਪਾਪੀ ਦਾ ਸੁਭਾਅ ਉਸ ਦੇ ਪਾਪ ਨੂੰ ਛੁਪਾਉਣ ਦੀ ਕੋਸ਼ਿਸ਼ ਕਰਨਾ ਹੈ, ਪਰ ਪਾਪ ਦਾ ਸੁਭਾਅ ਆਪਣੇ ਆਪ ਨੂੰ ਪਰਗਟ ਕਰਨਾ ਹੈ। ਇਹ ਬੰਦ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਪਾਪ ਦੇ ਕਈ ਨਤੀਜੇ ਹੁੰਦੇ ਹਨ। ਪਾਪੀ ਭਾਵੇਂ ਜੋ ਕੁਝ ਮਰਜ਼ੀ ਕਰੇ, ਭਾਵੇਂ ਉਹ ਆਪਣੇ ਪਾਪ ਨੂੰ ਛੁਪਾਉਣ ਦੇ ਲਈ ਕਿੰਨੀ ਵੀ ਕੋਸ਼ਿਸ਼ ਕਿਉਂ ਨਾ ਕਰੇ, ਪਾਪ ਅਵੱਸ਼

ਵਿਨਾਸ਼ਕਾਰੀ ਨਤੀਜੇ ਲੈ ਕੇ ਆਵੇਗਾ।

*ਸਿਧਾਂਤ ਜਿਸ ਦੇ ਪੁਰਾਣੇ ਨੇਮ ਵਿਚ ਉਦਾਹਰਣ ਦਿੱਤੇ ਗਏ ਸਨ।* ਇਸ ਸੱਚਾਈ ਦਾ ਉਦਾਹਰਣ ਦੇਣ ਦੇ ਲਈ ਪੁਰਾਣੇ ਨੇਮ ਵਿਚ ਕਈ ਉਦਾਹਰਣ ਹਨ। (1) ਆਦਮ ਅਤੇ ਹੱਵਾਹ ਨੇ ਪਾਪ ਕਰਨ ਤੋਂ ਬਾਅਦ ਪਰਮੇਸ਼ੁਰ ਕੋਲੋਂ ਉਨ੍ਹਾਂ ਦੇ ਪਾਪ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਆਪਣੀ ਗਲਤੀ ਦੇ ਨਤੀਜਿਆਂ ਤੋਂ ਬਚਣ ਵਿਚ ਅਸਫ਼ਲ ਹੋਏ (ਉਤਪਤ 3)। (2) ਕਇਨ ਨੇ ਇਸ ਸੱਚਾਈ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਕਿ ਉਸ ਨੇ ਆਪਣੇ ਭਰਾ ਨੂੰ ਮਾਰ ਦਿੱਤਾ ਸੀ; ਪਰ ਪਰਮੇਸ਼ੁਰ ਨੇ ਆਖਿਆ, "ਤੇਰੇ ਭਰਾ ਦੇ ਲਹੂ ਦੀ ਅਵਾਜ਼ ਜ਼ਮੀਨ ਵੱਲੋਂ ਮੇਰੇ ਅੱਗੇ ਦੁਹਾਈ ਦਿੰਦੀ ਹੈ" (ਉਤਪਤ 4:10)। (3) ਜਦੋਂ ਇਸਰਾਏਲੀਆਂ ਨੇ ਯਰੀਹੋ ਉੱਤੇ ਜਿੱਤ ਹਾਸਲ ਕਰ ਲਈ ਤਾਂ ਆਕਾਨ ਨੇ ਕੁਝ ਚੀਜ਼ਾਂ ਲੈ ਲਈਆਂ ਜਿਨ੍ਹਾਂ ਨੂੰ ਲੈਣ ਤੇ "ਪਾਬੰਦੀ" ਸੀ ਅਤੇ ਉਨ੍ਹਾਂ ਨੂੰ ਆਪਣੇ ਤੰਬੂ ਵਿਚ ਛੁਪਾ ਦਿੱਤਾ, ਪਰ ਜਦੋਂ ਉਹ ਚੀਜ਼ਾਂ ਉਸ ਕੋਲੋਂ ਬਰਾਮਦ ਕਰ ਲਈਆਂ ਗਈਆਂ ਤਾਂ ਉਸ ਨੂੰ ਮਾਰ ਦਿੱਤਾ ਗਿਆ (ਯਹੋਸ਼ੁਆ 7)। (4) ਦਾਊਦ ਨੇ ਬਥ-ਸ਼ਬਾ ਨਾਲ ਜ਼ਨਾਹ ਕੀਤਾ ਅਤੇ ਉਸ ਦੇ ਪਤੀ ਨੂੰ ਮਰਵਾ ਦਿੱਤਾ ਤਾਂ ਕਿ ਉਹ ਬਥ-ਸ਼ਬਾ ਨਾਲ ਵਿਆਹ ਕਰਵਾ ਸਕਦਾ, ਪਰ ਦਾਊਦ ਦਾ ਪਾਪ ਪਰਗਟ ਹੋ ਗਿਆ (2 ਸਮੂਏਲ 11; 12)।

*ਸਿਧਾਂਤ ਜਿਸ ਦਾ ਨਵੇਂ ਨੇਮ ਵਿਚ ਉਦਾਹਰਣ ਦਿੱਤਾ ਗਿਆ ਸੀ।* ਨਵੇਂ ਨੇਮ ਵਿਚ ਵੀ, ਅਸੀਂ ਇਸ ਗੱਲ ਦਾ ਉਦਾਹਰਣ ਵੇਖਦੇ ਹਾਂ ਕਿ ਪਾਪ ਕਿਵੇਂ "ਤੁਹਾਡੇ ਉੱਤੇ ਆ ਪਵੇਗਾ।" ਹਨਾਨਿਯਾ ਅਰ ਸਫ਼ੀਰਾ ਨੇ ਜਿੰਨਾ ਉਨ੍ਹਾਂ ਨੇ ਦਾਅਵਾ ਕੀਤਾ ਸੀ ਉਸ ਨਾਲੋਂ ਘੱਟ ਦਿੱਤਾ ਸੀ ਅਤੇ ਉਨ੍ਹਾਂ ਨੇ ਉਮੀਦ ਕੀਤੀ ਸੀ ਇਸ ਖੁੱਲ੍ਹਦਿਲੀ ਨਾਲ ਕੀਤੇ ਗਏ ਦਾਨ ਦੇ ਲਈ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਜਾਵੇਗੀ। ਪਰ, ਪਤਰਸ ਨੇ ਆਖਿਆ ਕਿ ਉਨ੍ਹਾਂ ਨੇ ਪਵਿੱਤ੍ਰ ਆਤਮਾ ਨਾਲ ਝੂਠ ਬੋਲਿਆ ਸੀ ਅਤੇ ਉਹ ਉੱਥੇ ਹੀ ਮਰ ਗਏ (ਰਸੂਲਾਂ ਦੇ ਕਰਤੱਬ 5)।

*ਅੱਜ ਦੇ ਸਮੇਂ ਵਿਚ ਸਿਧਾਂਤ ਦੀ ਸੱਚਾਈ।* ਇਹ ਸੱਚਾਈ ਅੱਜ ਵੀ ਕਾਇਮ ਹੈ: ਤੁਸੀਂ ਨਿਸ਼ਚਤ ਹੋ ਸਕਦੇ ਹੋ ਕਿ "ਤੁਹਾਡਾ ਪਾਪ ਤੁਹਾਡੇ ਉੱਤੇ ਆ ਪਵੇਗਾ।" ਤੁਹਾਡਾ ਪਾਪ ਇਨ੍ਹਾਂ ਵਿੱਚੋਂ ਕਿਸੇ ਵੀ ਢੰਗ ਨਾਲ ਤੁਹਾਡੇ ਉੱਤੇ ਆ ਪਵੇਗਾ। (1) ਦਰਅਸਲ, ਤੁਹਾਡੇ ਪਾਪ ਭਰੇ ਕੰਮ ਪਰਗਟ ਹੋ ਜਾਣਗੇ, ਭਾਵੇਂ ਤੁਸੀਂ ਉਨ੍ਹਾਂ ਨੂੰ ਛੁਪਾਉਣ ਦੀ ਕਿੰਨੀ ਵੀ ਕੋਸ਼ਿਸ਼ ਕਿਉਂ ਨਾ ਕਰੋ। (2) ਤੁਹਾਡੇ ਪਾਪਾਂ ਦੇ ਸੰਭਵ ਤੌਰ ਤੇ ਨਕਾਰਾਤਮਕ ਦੁਨਿਆਵੀ ਨਤੀਜੇ ਹੋਣਗੇ। (3) ਤੁਹਾਡੇ ਪਾਪਾਂ ਦੇ ਨਿਸ਼ਚਤ ਤੌਰ ਤੇ ਆਤਮਿਕ ਨਤੀਜੇ ਹੋਣਗੇ, ਕਿਉਂਕਿ ਪਾਪ ਪਾਪੀ ਨੂੰ ਪਰਮੇਸ਼ੁਰ ਤੋਂ ਅੱਡ ਕਰਦਾ ਹੈ। (4) ਜਦੋਂ ਤੱਕ ਤੁਸੀਂ ਤੋਬਾ ਨਹੀਂ ਕਰਦੇ, ਤੁਹਾਡੇ ਪਾਪਾਂ ਦੇ ਸਦੀਪਕ ਨਤੀਜੇ ਹੋਣਗੇ।

*ਸਿੱਟਾ।* ਪਾਪ ਦੇ ਨਤੀਜੇ ਨਿਸ਼ਚਤ ਹਨ, ਜਦੋਂ ਤੱਕ ਤੁਸੀਂ ਯਿਸੂ ਨੂੰ ਉਨ੍ਹਾਂ ਪਾਪਾਂ ਨੂੰ ਦੂਰ ਨਹੀਂ ਕਰਨ ਦਿੰਦੇ! ਤੁਸੀਂ ਇਹ ਪ੍ਰਭੂ ਦੀ ਵੱਲ ਮੁੜ ਕੇ ਅਤੇ ਉਸ ਦਾ ਪਾਲਣ ਕਰਕੇ ਕਰ ਸਕਦੇ ਹੋ ਜੋ ਉਸ ਨੇ ਤੁਹਾਨੂੰ ਮਾਫ਼ੀ ਨੂੰ ਪ੍ਰਾਪਤ ਕਰਨ ਦੇ ਲਈ ਕਰਨ ਨੂੰ ਆਖਿਆ ਹੈ ਅਤੇ ਆਓ ਅਸੀਂ ਇਸ ਛੋਟ ਦੇ ਲਈ ਪਰਮੇਸ਼ੁਰ ਦਾ ਧੰਨਵਾਦ ਕਰੀਏ।

ਉਨ੍ਹਾਂ ਲੁਟੇਰਿਆਂ ਦਾ ਕੀ ਬਣਿਆ ਜਿਨ੍ਹਾਂ ਨੇ ਟਰੈਂਟ ਵਿਚ ਬੈਂਕ ਲੁੱਟਿਆ ਸੀ? ਮੈਂ ਕਦੇ ਇਹ ਖ਼ਬਰ ਨਹੀਂ ਸੁਣੀ ਸੀ ਕਿ ਉਹ ਫੜੇ ਗਏ ਸਨ। ਭਾਵੇਂ ਉਹ ਪੁਲਸ ਕੋਲੋਂ ਕਦੇ ਫੜੇ ਗਏ ਸਨ ਅਤੇ ਜੇਲ ਵਿਚ ਸੁੱਟੇ ਗਏ ਸਨ ਜਾਂ ਨਹੀਂ, ਕੋਈ ਨਹੀਂ ਜਾਣਦਾ ਪਰ ਇਕ ਜਣਾ ਜ਼ਰੂਰ ਜਾਣਦਾ ਹੈ ਕਿ ਉਹ ਕੌਣ ਹਨ ਅਤੇ ਕਿੱਥੇ ਹਨ। ਆਖ਼ਰਕਾਰ ਉਹ ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਏਗਾ। ਹਾਲਾਂਕਿ ਕੁਝ ਲੋਕ ਇਸ ਜੀਵਨ ਵਿਚ ਉਨ੍ਹਾਂ ਦੀ ਗਲਤੀ ਦੇ ਲਈ ਕਦੇ ਜ਼ਿੰਮੇਵਾਰ ਨਹੀਂ ਠਹਿਰਾਏ ਜਾਂਦੇ ਹਨ, ਉਨ੍ਹਾਂ ਦਾ "ਪਾਪ [ਉਨ੍ਹਾਂ] ਉੱਤੇ ਆ ਪਵੇਗਾ" ਅਤੇ ਉਹ

**ਨਿਆਂ ਦੇ ਦਿਨ ਇਸ ਦੇ ਲਈ ਜ਼ਿੰਮੇਵਾਰ ਠਹਿਰਾਏ ਜਾਣਗੇ।**

### "ਏਕਤਾ ਵਿਚ ਅਟੁੱਟ ਸ਼ਕਤੀ ਹੈ" (ਅਧਿਆਇ 32)

**ਮੂਸਾ ਨੂੰ ਇਸ ਗੱਲ ਦੀ ਚਿੰਤਾ ਸੀ ਜਦੋਂ ਰਊਬੇਨ ਅਤੇ ਗਾਦ ਦੇ ਗੋਤਾਂ ਨੇ ਯਰਦਨ ਦੇ ਪੂਰਬ ਵੱਲ ਧਰਤੀ ਲੈਣ ਦੀ ਮੰਗ ਕੀਤੀ ਕਿਉਂਕਿ ਉਸ ਨੂੰ ਡਰ ਸੀ ਕਿ ਦੋ ਗੋਤਾਂ ਦੀ ਕਾਰਵਾਈ ਦੇ ਕਾਰਣ ਸਾਰੇ ਲੋਕਾਂ ਨੂੰ ਦੁੱਖ ਝੱਲਣਾ ਪਵੇਗਾ। ਉਸ ਨੇ ਸੋਚਿਆ ਕਿ ਬਾਰਾਂ ਗੋਤਾਂ ਦੇ ਸੰਘ ਵਿੱਚੋਂ ਉਨ੍ਹਾਂ ਦੀ ਦਲ ਬਦਲੀ ਦਾ ਨਤੀਜਾ ਕੌਮ ਦਾ ਡਿੱਗਣਾ ਹੋਵੇਗਾ। ਜਿਵੇਂ ਉਸ ਨੇ ਇਸ ਨੂੰ ਵੇਖਿਆ, ਇਸਰਾਏਲ ਦੀ ਏਕਤਾ ਖਤਰੇ ਵਿਚ ਸੀ। ਫਿਲਿਪ ਜੇ. ਬੱਡ ਨੇ ਅਧਿਆਇ 32 ਦੀ ਹਾਲਤ ਨੂੰ ਅੱਜ ਦੀ ਕਲੀਸੀਆ ਤੇ ਲਾਗੂ ਕੀਤਾ ਸੀ: "ਇਕ ਸਾਂਝੀ ਪਛਾਣ ਅਤੇ ਇਕਲੌਤੇ ਟੀਚੇ ਦੇ ਇਸ ਬੋਧ ਤੋਂ ਬਿਨਾਂ ਪਰਮੇਸ਼ੁਰ ਦੇ ਨਿਯਮ ਦੇ ਕਰਿੰਦਿਆਂ ਦੀ ਗਤੀਵਿਧੀ ਬੇਅਸਰ ਅਤੇ ਪ੍ਰਭਾਵਹੀਣ ਬਣਨ ਦੇ ਯੋਗ ਹੈ।"[10]**

**$2^1/_2$ ਗੋਤਾਂ ਅਤੇ ਬਾਕੀ ਦੀ ਕੌਮ ਵਿਚਕਾਰ ਹੋਇਆ ਸਮਝੌਤਾ ਇਹ ਸੰਕੇਤ ਦਿੰਦਾ ਹੈ ਕਿ ਅੱਜ ਪਰਮੇਸ਼ੁਰ ਦੇ ਲੋਕ ਕਿਵੇਂ ਇਕਜੁੱਟ ਹੋ ਸਕਦੇ ਹਨ। ਇਕ ਵਿਵਾਦ ਜਾਂ ਝਗੜੇ ਵਿਚ ਸ਼ਾਮਲ ਗੁੱਟਾਂ ਨੂੰ ਉਸ ਏਕਤਾ ਨੂੰ ਬਰਕਰਾਰ ਰੱਖਣ ਦੇ ਲਈ ਜੋ ਪਰਮੇਸ਼ੁਰ ਚਾਹੁੰਦਾ ਹੈ ਪਹਿਲਾਂ ਆਪਣਾ ਸਾਰਾ ਸਰੀਰ ਦਾਅ ਤੇ ਲਾਉਣ ਦੇ ਲਈ ਤਿਆਰ ਹੋਣਾ ਚਾਹੀਦਾ ਹੈ (ਉਦਾਹਰਣ ਦੇ ਲਈ, ਵੇਖੋ ਰੋਮੀਆਂ 14)।**

---

### ਟਿੱਪਣੀਆਂ

**[1]ਗੋਰਡਨ ਜੇ. ਵੈਨਹਮ, *ਗਿਣਤੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ੇ 213-14 ਤੇ। [2]ਇਨ੍ਹਾਂ ਸ਼ਹਿਰਾਂ ਦੀਆਂ ਥਾਵਾਂ ਤੇ ਵਧੇਰੇ ਜਾਣਕਾਰੀ ਦੇ ਲਈ, ਆਰ. ਡੈਨਿਸ ਕੋਲ, "ਗਿਣਤੀ," *ਜ਼ੋਂਡੇਰਵਨ ਇਲੂਸਟਰੇਟਡ ਬਾਈਬਲ ਬੈਕਗਰਾਊਂਡਸ ਕਮੈਂਟਰੀ*, ਜਿਲਦ 1, *ਉਤਪਤ, ਕੂਚ, ਲੇਵੀਆਂ ਦੀ ਪੋਥੀ, ਗਿਣਤੀ, ਬਿਵਸਥਾ ਸਾਰ*, ਸੰਪਾ. ਜੌਨ ਐਚ. ਵਾਲਟਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ 2009) ਵਿਚ ਸਫ਼ਾ 394 ਤੇ। [3]ਪਹਿਲੇ ਵਿਰਤਾਂਤਾਂ ਵਿਚ, ਇਸ ਥਾਂ ਦਾ ਹਵਾਲਾ ਸਿਰਫ "ਕਾਦੇਸ਼" ਵਜੋਂ ਦਿੱਤਾ ਗਿਆ ਹੈ (13:26; 20:1; 27:14); ਇੱਥੇ ਇਸ ਨੂੰ ਪੂਰੇ ਨਾਮ "ਕਾਦੇਸ਼-ਬਰਨੇਆ" ਦੁਆਰਾ ਜਾਣਿਆ ਜਾਂਦਾ ਹੈ (ਵੇਖੋ ਬਿਵਸਥਾ ਸਾਰ 1:19; 2:14; 9:23)। [4]ਜੇਕਬ ਮਿਲਗਰੋਮ, *ਗਿਣਤੀ* ਦ ਜੇਪੀਐਸ ਟੋਰਾਹ ਕਮੈਂਟਰੀ (ਫਿਲਾਡੈਲਫੀਆ: ਜੂਇਸ਼ ਪਬਲੀਕੇਸ਼ਨ ਸੋਸਾਇਟੀ, 1989) ਵਿਚ ਸਫ਼ਾ 270 ਤੇ। [5]ਆਰ. ਕੇ. ਹੈਰੀਸਨ, *ਗਿਣਤੀ: ਐਨ ਐਕਸਜੈਟੀਕਲ ਕਮੈਂਟਰੀ* (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1992), 398. [6]ਰੌਏ ਗੇਨ, *ਲੇਵੀਆਂ ਦੀ ਪੋਥੀ, ਗਿਣਤੀ* ਦ ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2004) ਵਿਚ ਸਫ਼ਾ 785 ਤੇ। [7]ਵਚਨ ਤੋਂ ਬਾਹਰ, ਮੋਆਬਾਇਟ ਸਟੋਨ (ਪੰਗਤੀ 10) ਇਸ ਤੱਥ ਦੀ ਪੁਸ਼ਟੀ ਕਰਦਾ ਹੈ ਕਿ ਗਾਦ ਦੇ ਲੋਕਾਂ ਦਾ ਅਟਾਰੋਥ ਤੇ ਕਬਜ਼ਾ ਸੀ। ਗਿਣਤੀ 32 ਵਿਚ ਹੋਰ ਕਈ ਸ਼ਹਿਰਾਂ ਦਾ ਵੀ ਲਿਖਤ ਵਿਚ ਜ਼ਿਕਰ ਕੀਤਾ ਗਿਆ ਹੈ। (ਪੈਟਰਿਕ ਡੀ. ਮਿਲਰ, "ਮੋਆਬਾਇਟ ਸਟੋਨ," *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇਨਸਾਇਕਲੋਪੀਡੀਆ*, ਸੋਧਿਆ ਸੰਸਕਰਣ, ਸੰਪਾ. ਜੀਓਫਰੀ ਡਬਲਿਯੂ. ਬਰੋਮਿਲੀ [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1986] ਵਿਚ ਸਫ਼ਾ 3:396 ਤੇ। [8]ਏ. ਨੂਰਡਟਜ਼ਿਜ, *ਨੰਬਰਸ*, ਅਨੁਵਾਦ ਐਡ ਵੈਨ ਡੇਰ ਮਾਸ, ਬਾਈਬਲ ਸਟੂਡੈਂਟਸ ਕਮੈਂਟਰੀ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1983) ਵਿਚ ਸਫ਼ੇ 282-86 ਤੇ ਚਰਚਾ ਵੇਖੋ। [9]ਗੇਨ, 788. ਗੇਨ ਨੇ ਲੇਵੀਆਂ 24:19; ਬਿਵਸਥਾ ਸਾਰ 19:19; ਨਿਆਈਆਂ 1:7; 9:53, 56, 57; 15:11; 1 ਸਮੂਏਲ 25:39; 2 ਸਮੂਏਲ 1:16; 1 ਰਾਜਿਆਂ 2:32, 33, 44; 8:32; 2 ਇਤਹਾਸ 6:23; ਓਬਦਯਾਹ 15 ਦਾ ਹਵਾਲਾ ਦਿੱਤਾ ਸੀ। [10]ਫਿਲਿਪ ਜੇ. ਬੱਡ, *ਗਿਣਤੀ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 5 (ਵਾਕੋ, ਟੈਕਸਾਸ: ਵਰਡ ਬੁਕਸ, 1984) ਵਿਚ ਸਫ਼ਾ 347 ਤੇ।**